Estd: 2000

ਨਵੰਬਰ/ Nov. - 2021
ਸਾਲ/ Year - 05
ਅੰਕ/ Edition - 08
ਸਫੇ/ Page - 12

Ãnual Subcription 500/-

Regd Office:
1195, Ajit Nagar
Moga-142001 (Punjab)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' • ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ-ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPUN 04016 * Help Line: 9988-92-9988 * E-mail: mehakwattandi@rediffmail.com * www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

## ਅੰਦਰ ਪੜ੍ਹੋ

...ਅਜੇ ਚੰਗੀਆਂ ਨਹੀਂ ਲੱਗਦੀਆਂ ਦੀਵਾਲੀਆਂ!

*****

ਪੰਜਾਬ ਦਿਵਸ ਮੌਕੇ ਪੰਜਾਬੀ ਸੂਬਾ ਮੋਰਚੇ 10 ਸਾਲਾ ਅਣਗੌਲੇ ਸ਼ਹੀਦ ਇੰਦਰਜੀਤ ਸਿੰਘ ਦੇ ਪਰਿਵਾਰ ਦਾ ਸਨਮਾਨ ਕੀਤਾ।

*****

ਪੰਜਾਬ ਨੂੰ ਬਚਾਉਣ ਲਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣਾ ਜਰੂਰੀ - ਡਾ. ਸੁਰਜੀਤ ਦੌਧਰ।

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com



ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾਂ ਨੂੰ 'ਬੰਦੀ ਛੋੜ ਦਿਵਸ' ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!

## ਸ਼੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ: ਇਤਿਹਾਸਕ ਪਿਛੋਕੜ

# ਅਲੋਪ ਹੋ ਰਿਹਾ ਪੰਜਾਬੀ ਵਿਰਸਾ - ਦਰਵਾਜ਼ੇ



## ਬੋਤਾ ਬੰਨ੍ਹ ਅੰਬੀਆਂ ਦੀ ਛਾਂਵੇਂ

ਕੀ ਤੁਹਾਨੂੰ ਪਤਾ ਹੈ

## ਸਾਡਾ ਪੰਜਾਬੀ ਵਿਰਸਾ

## ਨੌਰਵੇ ਵਿੱਚ ਸਾਈਕਲ ਦੀ ਸ਼ਾਨ

## ਦੁਪੱਟਾ ਔਰਤ ਦੇ ਸਿਰ ਦਾ ਤਾਜ



Scanned with CamScanner



# ਦਾਤਾ ਬੰਦੀ ਛੋੜ ਦਿਵਸ ਤੇ ਵਿਸ਼ੇਸ ਸਪਲੀਮੈਂਟ

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988




## ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!







ਮੁੱਖ ਸੇਵਾਦਾਰ: ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲੇ
ਮੁੱਖ ਪ੍ਰਬੰਧਕ: ਭਾਈ ਹਰਪ੍ਰੀਤ ਸਿੰਘ 'ਡੋਨੀ'
ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ)



## ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!



ਸੰਤ ਬਾਬਾ ਰੇਸ਼ਮ ਸਿੰਘ ਜੀ ਖ਼ਾਲਸਾ
ਮੁੱਖ ਸੇਵਾਦਾਰ : ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ
ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ
ਮੈਂਬਰ ਖ਼ਾਲਸਾ ਐਕਸ਼ਨ ਕਮੇਟੀ
ਮੋ. 98153-11318, 77107-11318

ਜਾਰੀ ਕਰਤਾ : ਦੁੱਖ ਭੰਜਨ ਸੇਵਾ ਸੁਸਾਇਟੀ (ਰਜਿ:) ਖੁਖਰਾਣਾ


Scanned with CamScanner

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ● ਲਾਈਵ
Titel Regd. No. PUNPUN 04016 | Year 05 | Edition 08 | Issue Date: 03-Nov.-2021

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

## ਅਜੇ ਚੰਗੀਆਂ ਨਹੀਂ ਲੱਗਦੀਆਂ ਦੀਵਾਲੀਆਂ...

ਹਰ ਸਾਲ ਦੀਵਾਲੀ ਆਉਂਦੀ ਹੈ ਅਤੇ ਲੰਘ ਜਾਂਦੀ ਹੈ। ਇਹ ਸਿਲਸਿਲਾ ਹਜਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਹੈ। ਹਰ ਸਾਲ ਦੀਵਾਲੀ ਕਿਸੇ ਲਈ ਖੁਸ਼ੀ ਭਰੀ ਹੁੰਦੀ ਹੈ ਅਤੇ ਕਿਸੇ ਲਈ ਦੁੱਖਾਂ ਭਰੀ। ਆਮ ਰੋਜਮਰਾ ਦੀ ਜਿੰਦਗੀ ਨਾਲੋਂ ਦੀਵਾਲੀ ਦੇ ਤਿਉਹਾਰ ਤੇ ਖੁਸ਼ੀਆਂ ਗਮੀਆਂ ਜਿਆਦਾ ਮਹਿਸੂਸ ਹੁੰਦੀਆਂ ਹਨ। ਹਰ ਇਨਸਾਨ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਦੀਪਾਂ ਦੇ ਇਸ ਤਿਉਹਾਰ ਦੀਵਾਲੀ ਦਾ ਨਿੱਘ ਆਪਣਿਆਂ ਦੇ ਨਾਲ ਮਨਾਇਆ ਜਾਵੇ।

ਐਤਕੀ ਵੀ ਸਾਡੇ ਕਿਸਾਨ ਵੀਰ ਅਜੇ ਦਿੱਲੀ ਦੀਆਂ ਸਰਹੱਦਾਂ ਤੇ ਬੈਠੇ ਹਨ ਇਸ ਲਈ ਅਜੇ ਸਾਨੂੰ ਦੀਵਾਲੀਆਂ ਚੰਗੀਆਂ ਨਹੀਂ ਲੱਗਦੀਆਂ। ਸਾਡੇ ਲਈ ਦੀਵਾਲੀ ਓਦੋਂ ਖੁਸ਼ੀ ਭਰੀ ਹੋਵੇਗੀ ਜਦ ਸਾਡੇ ਕਿਸਾਨ ਵੀਰ ਖੇਤੀ ਮਾਰੂ ਕਾਨੂੰਨਾ ਨੂੰ ਵਾਪਸ ਕਰਵਾ ਕੇ ਆਪਣੇ ਘਰ ਵਾਪਿਸ ਪਰਤਨਗੇ।

ਸਾਡੇ ਬੰਧਨ, ਸਾਡੇ ਰਿਸ਼ਤੇ-ਨਾਤੇ ਭਾਵੇਂ ਉਹ ਭੈਣ-ਭਰਾ ਦਾ ਹੋਵੇ, ਮਾਂ-ਬਾਪ, ਬੇਟੇ ਜਾਂ ਬੇਟੀ ਦਾ ਹੋਵੇ, ਪਿਆਰ ਦਾ, ਮੁਹੱਬਤ ਦਾ ਹੋਵੇ। ਇਨ੍ਹਾਂ ਵਿਚਲੇ ਨਿੱਘ ਨੂੰ ਪੂਰੀ ਤਰ੍ਹਾਂ ਮਾਨਣ ਅਤੇ ਹੋਰ ਵਧਾਉਣ ਦਾ ਯਤਨ ਕੀਤਾ ਜਾਂਦਾ ਹੈ। ਜੇਕਰ ਸਾਡਾ ਸੱਜਣ ਪਿਆਰਾ, ਸਾਡੇ ਭੈਣ-ਭਰਾ, ਸਾਡੇ ਪਿਆਰ ਅਤੇ ਮੁਹੱਬਤ ਦੇ ਰਿਸ਼ਤੇ ਸਾਡੇ ਕੋਲ ਹੋਣ ਤਾਂ ਦੀਵਾਲੀ ਦੀਆਂ ਖੁਸ਼ੀਆਂ ਦੁਣੀਆ ਚੌਣੀਆਂ ਹੋ ਜਾਦੀਆਂ ਹਨ। ਰੱਬ ਕਰੇ ਕਿ ਕਿਸੇ ਲਈ ਵੀ ਅਜਿਹੀ ਦੀਵਾਲੀ ਕਦੇ ਨਾ ਆਵੇ, ਜਿਸ ਵਿਚ ਕਿਸੇ ਦੇ ਵਿਛੋੜੇ ਦਾ ਦਰਦ ਹੋਵੇ।

ਖੁਸ਼ੀਆਂ ਤੇ ਗਮੀਆਂ ਜਿੰਦਗੀ ਦਾ ਹਿੱਸਾ ਹਨ ਜੋ ਹਮੇਸ਼ਾ ਆਉਂਦੀਆਂ ਹੀ ਰਹਿਣਗੀਆਂ। ਇਸ ਤੋਂ ਉੱਪਰ ਉੱਠ ਕੇ ਜੇਕਰ ਦੀਵਾਲੀ ਦੇ ਤਿਉਹਾਰ ਦਾ ਵਿਸਲੇਸ਼ਨ ਕਰੀਏ ਤਾਂ ਦੀਵਾਲੀ ਸ਼ਬਦ ਦੀਪਾਵਲੀ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਦੀਵਿਆਂ ਦੀਆਂ ਮਾਲਾਵਾਂ ਜਾਂ ਕਤਾਰਾਂ। ਦੀਵਾਲੀ ਰੋਸ਼ਨੀਆਂ ਦਾ ਤਿਉਹਾਰ ਹੈ ਪਹਿਲਾਂ ਲੋਕ ਦੀਵਾਲੀ ਵਾਲੀ ਰਾਤ ਆਪਣੇ ਘਰਾਂ ਦੀਆਂ ਕੰਧਾਂ, ਬਨੇਰਿਆਂ ਤੇ ਗੇਟਾਂ ਉਤੇ ਦੀਵੇ, ਮੋਮਬੱਤੀਆਂ ਆਦਿ ਜਗਾਉਂਦੇ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਚਾਈਨਾ (ਚੀਨ) ਦੀਆਂ ਬਣੀਆਂ ਲੜੀਆਂ ਨੇ ਦੀਵੇ ਤੇ ਮੋਮਬੱਤੀਆਂ ਦੀ ਹੋਂਦ ਖ਼ਤਮ ਹੀ ਕਰ ਦਿੱਤੀ ਹੈ। ਸਿਰਫ ਰਸਮ ਪੂਰੀ ਕਰਨ ਲਈ ਹੀ ਘਰਾਂ ਵਿਚ ਪੰਜ ਸੱਤ ਦੀਵੇ ਜਗਾਏ ਜਾਂਦੇ ਹਨ। ਦੀਵਾਲੀ ਵਾਲੇ ਦਿਨ ਦੀਵੇ ਰੌਸ਼ਨ ਕਰਨੇ ਜਿੱਤ ਜਾਂ ਖੁਸ਼ੀ ਦਾ ਪ੍ਰਗਟਾਵਾ ਕਰਨ ਵਾਂਗ ਹੈ। ਦੀਵੇ ਆਪ ਜਲ ਕੇ ਦੂਸਰਿਆਂ ਦਾ ਮਾਰਗ ਰੋਸ਼ਨ ਕਰਦੇ ਹਨ ਜੋ ਸਾਨੂੰ ਆਪਣਾ ਆਪ ਵਾਰ ਕੇ ਦੂਸਰਿਆਂ ਦੇ ਕੰਮ ਆਉਣ ਦੀ ਪ੍ਰੇਰਨਾ ਦਿੰਦੇ ਹਨ।

ਵੈਸੇ ਦੀਵਾਲੀ ਦੇ ਤਿਉਹਾਰ ਪਿੱਛੇ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਹਰ ਧਰਮ ਦੇ ਲੋਕ ਆਪਣੇ-ਆਪਣੇ ਪੈਰੋਕਾਰਾਂ ਦੇ ਦੱਸੇ ਅਨੁਸਾਰ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਦੀਵਾਲੀ ਦਾ ਸਬੰਧ ਪੰਜਾਬੀਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਮੌਕੇ ਤੋਂ ਹੀ ਜੁੜਿਆ ਹੋਇਆ ਹੈ ਪਰ ਇਸ ਦਾ ਵਿਸ਼ੇਸ਼ ਮਹੱਤਵ ਉਦੋਂ ਹੋਰ ਬਣਿਆ ਹੈ ਜਦੋਂ ਸਿੱਖਾਂ ਦੇ 6ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੁਗ਼ਲਾਂ ਦੀ ਕੈਦ ਤੋਂ ਮੁਕਤ ਹੋ ਕੇ ਅਤੇ 52 ਰਾਜਪੂਤ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਆਪਣੇ ਨਾਲ ਮੁਕਤ ਕਰਵਾ ਕੇ ਬਾਹਰ ਆਏ। ਇਸ ਖੁਸ਼ੀ ਵਿਚ ਲੋਕਾਂ ਨੇ ਦੀਪਮਾਲਾ ਕੀਤੀ। ਪ੍ਰਸਿੱਧ ਇਤਿਹਾਸਕਾਰ ਬਾਬਾ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਦੀਵੇ ਜਗਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਸ਼ੁਰੂ ਕੀਤੀ ਸੀ।

ਹਿੰਦੂ ਧਰਮ ਅਨੁਸਾਰ ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਬਨਵਾਸ ਕੱਟਕੇ ਲੰਕੇਸ਼ਵਰ ਰਾਵਣ ਤੇ ਉਸਦੀ ਸੈਨਾ ਨੂੰ ਮਾਰ ਕੇ ਸੀਤਾ ਨੂੰ ਆਜ਼ਾਦ ਕਰਾ ਕੇ ਅਯੁੱਧਿਆ ਆਏ। ਉਨ੍ਹਾਂ ਦੀ ਆਮਦ ਦੀ ਖੁਸ਼ੀ ਵਿਚ ਘਰਾਂ ਦੀਆਂ ਛੱਤਾਂ ਉੱਤੇ ਦੀਵੇ ਜਗਾਏ ਗਏ। ਆਰੀਆ ਸਮਾਜ ਦੇ ਨੇਤਾ ਸਵਾਮੀ ਦਇਆ ਨੰਦ ਅਤੇ ਜੈਨੀਆਂ ਦੇ ਨੇਤਾ ਮਹਾਂਵੀਰ ਜੀ ਨੂੰ ਏਸੇ ਦਿਨ ਨਿਰਵਾਣ ਪ੍ਰਾਪਤ ਹੋਇਆ। ਵੈਸੇ ਇਹ ਤਿਉਹਾਰ ਸਰਦੀ ਰੁੱਤ ਦੇ ਆਗਮਨ ਦਾ ਵੀ ਸੂਚਕ ਹੈ।

ਦੀਵਾਲੀ ਵੈਸੇ ਤਾਂ ਪੂਰੇ ਦੇਸ਼ ਵਿਚ ਮਨਾਈ ਜਾਂਦੀ ਹੈ ਪਰ ਪੰਜਾਬ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦੀਵਾਲੀ ਦੀ ਸ਼ਾਨ ਵੱਖਰੀ ਹੈ। ਲੱਖਾਂ ਲੋਕ ਦੇਸ਼ਾ-ਵਿਦੇਸ਼ਾ ਤੋਂ ਇਥੇ ਦੀਵਾਲੀ ਦਾ ਤਿਉਹਾਰ ਮਨਾਉਣ ਲਈ ਆਉਂਦੇ ਹਨ। ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਉੱਤੇ ਰੌਸ਼ਨੀ ਦੀ ਸਜਾਵਟ ਦਾ ਬੜਾ ਸੁਹਾਵਣਾ ਦ੍ਰਿਸ਼ ਹੁੰਦਾ ਹੈ। ਰਾਤ ਨੂੰ ਆਤਸ਼ਬਾਜੀ ਚਲਾਈ ਜਾਂਦੀ ਹੈ। ਆਤਸ਼ਬਾਜੀ ਵੇਖਣ ਵਾਲਿਆਂ ਦੀ ਰੌਣਕ ਇੰਨੀ ਜ਼ਿਆਦਾ ਹੁੰਦੀ ਹੈ ਕਿ ਪਰਕਰਮਾ ਵਿਚ ਖੜ੍ਹੇ ਹੋਣ ਦੀ ਥਾਂ ਨਹੀਂ ਮਿਲਦੀ। ਬਜ਼ਾਰਾਂ ਦੀ ਸਜਾਵਟ ਬੜੀ ਦਿਲ ਖਿੱਚਵੀਂ ਹੁੰਦੀ ਹੈ ਇਸੇ ਲਈ ਕਿਹਾ ਜਾਂਦਾ ਹੈ। 'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।'

ਮੱਸਿਆ ਦੀ ਕਾਲੀ ਰਾਤ ਨੂੰ ਰੁਸ਼ਨਾਉਂਦਾ ਇਹ ਤਿਉਹਾਰ ਕੱਤਕ ਦੀ ਮੱਸਿਆ ਨੂੰ ਹੁੰਦਾ ਹੈ, ਆਮ ਤੌਰ 'ਤੇ ਇਹ ਨਵੰਬਰ ਵਿਚ ਆਉਂਦਾ ਹੈ। ਦੇਸ਼ ਦੇ ਕੋਨੇ-ਕੋਨੇ ਕੁਝ ਵਿਦੇਸ਼ਾਂ ਵਿਚ ਮਨਾਏ ਜਾਣ ਵਾਲੇ ਸਾਡੇ ਤੋਂ ਵੱਡੇ ਤਿਉਹਾਰ ਦੀਵਾਲੀ ਤੇ ਚਾਹੇ ਪਟਾਕਿਆਂ ਵਗੈਰਾ ਤੇ ਕਰੋੜਾਂ ਰੁਪਏ ਖਰਚ ਹੋ ਜਾਂਦੇ ਹਨ। ਪਰ ਇਸ ਦੇ ਬਦਲੇ ਜੋ ਬੇਅੰਤ ਖੁਸ਼ੀ ਪ੍ਰਾਪਤ ਹੁੰਦੀ ਹੈ ਉਸ ਦਾ ਮੁੱਲ ਹੀ ਨਹੀਂ ਪਾਇਆ ਜਾ ਸਕਦਾ। ਸਮੂਹ ਪਾਠਕਾਂ ਦੇ ਘਰ ਮਿਲਾਪ, ਪਿਆਰ, ਖੁਸ਼ੀਆਂ, ਆਪਸੀ ਭਾਈਚਾਰਾ ਅਤੇ ਉੱਚੀ-ਸੁੱਚੀ ਸੋਚ ਦੇ ਦੀਪ ਹਮੇਸ਼ਾ ਜਗਦੇ ਰਹਿਣ। ਦੀਵਾਲੀ ਮੁਬਾਰਕ ਦੋਸਤੋਂ!

99929-99115
onlinesolution811@gmail.com

GURU NANAK LIBRARY
ऑनलाईन फार्म | एडमिशन फार्म | रिजल्ट
पासपोर्ट | पैन कार्ड | लैमिनेशन
यहां पर सभी प्रकार के Competition से Related Books मार्किट से सस्ते रेटों पर मिलती है।
यहां पर IGNOU, के सभी प्रकार के फार्म भरने की सुविधा है।

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

### ਵਿਸ਼ੇਸ ਨੋਟ

'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।

Scanned with CamScanner




# ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ : ਇਤਿਹਾਸਕ ਪਿਛੋਕੜ

ਪ੍ਰਿੰ. ਸਤਿਬੀਰ ਸਿੰਘ
(ਗੁਰਪੁਰਵਾਸੀ)

ਜਹਾਂਗੀਰ ਨੂੰ ਇਕ ਅੱਖ ਨਹੀਂ ਭਾਉਂਦਾ ਸੀ ਕਿ ਸ੍ਰੀ ਅਕਾਲ ਤਖ਼ਤ ਦੀ ਸਾਜਨਾ ਗੁਰੂ ਹਰਿਗੋਬਿੰਦ ਜੀ ਨੇ ਕਿਉਂ ਕੀਤੀ ਹੈ, ਦੋ ਤਲਵਾਰਾਂ ਕਿਉਂ ਧਾਰਨ ਕੀਤੀਆਂ ਹਨ, ਅੰਮ੍ਰਿਤਸਰ ਦੀ ਪਨਾਹ ਕਿਉਂ ਬਣਵਾਈ, ਲੋਹਗੜ੍ਹ ਕਿਉਂ ਸਿਰਜਿਆ ਅਤੇ ਤਖ਼ਤ ਤੇ ਬੈਠਣ ਵੇਲੇ ਇਹ ਹੁਕਮ ਕਿਉਂ ਜਾਰੀ ਕੀਤੇ ਕਿ – 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜੁਆਨੀ ਹੈ।'

ਪਹਿਲਾਂ ਆਦਰ ਨਾਲ ਆਗਰੇ ਬੁਲਾਇਆ ਅਤੇ ਫਿਰ ਆਗਰੇ ਪੁੱਜਣ 'ਤੇ ਹੀ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਕੇ ਗਵਾਲੀਅਰ ਬੰਦੀ ਬਣਾ ਦਿੱਤਾ ਗਿਆ। ਗਵਾਲੀਅਰ–ਕਿਲ੍ਹਾ, ਕਿਲ੍ਹਾ ਨਾ ਹੋ ਕੇ ਇਕ ਐਸੀ ਕੈਦ ਦੀ ਕੋਠੜੀ ਸੀ ਜਿੱਥੋਂ ਕੋਈ ਵਿਰਲਾ ਹੀ ਬਚ ਨਿਕਲਿਆ ਸੀ। ਪਹਿਲਾਂ ਗੁਰੂ ਜੀ ਨੂੰ ਜ਼ਹਿਰ ਭਰਿਆ ਚੋਲਾ ਪਹਿਨਾਉਣ ਦੀ ਕੋਸ਼ਿਸ਼ ਹੋਈ ਪਰ ਹਰਿਦਾਸ ਦਰੋਗਾ ਖਰੀਦਿਆ ਨਾ ਜਾ ਸਕਿਆ। ਹਰਿਦਾਸ ਨੇ ਸਗੋਂ ਗੁਰੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਬੜਾ ਮਾਰੂ ਹੱਲਾ ਦੋਖੀ ਕਰਨਾ ਚਾਹੁੰਦੇ ਹਨ। ਇਹ ਵੀ ਦਰੋਗੇ ਨੇ ਹੀ ਦੱਸਿਆ ਕਿ ਏਥੇ ਖਾਣੇ ਵਿਚ ਮਿੱਠਾ ਜ਼ਹਿਰ ਦਿੱਤਾ ਜਾਂਦਾ ਹੈ ਜਿਸ ਦੇ ਸੇਵਨ ਨਾਲ ਬੰਦਾ ਚੁੜ–ਚੁੜ ਕੇ ਮਰਦਾ ਹੈ। ਮਹਾਰਾਜ ਨੇ ਨਿਰਣਾ ਲੈ ਲਿਆ ਕਿ ਜੇਲ੍ਹ ਦਾ ਖਾਣਾ, ਖਾਣਾ ਹੀ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਅੱਠਵੇਂ ਅਧਿਆਏ ਅਨੁਸਾਰ –

**ਸ੍ਰੀ ਮੁਖ ਕਹਾ ਕਿਰਤਿ ਕਰਿ ਲਯਾਵੋ**
**ਸੋ ਭੋਜਨ ਹਮ ਕੋਂ ਕਰਵਾਵੋ ॥੪੮੫॥**

ਇਕ ਠਠਿਆਰ ਜੋ ਕਿ ਕਿਰਤ ਕਰਕੇ ਕਮਾਉਂਦਾ ਸੀ, ਉਸ ਦੀ ਕਮਾਈ ਨਾਲ ਤਿਆਰ ਕੀਤਾ ਪ੍ਰਸ਼ਾਦ ਗੁਰੂ ਜੀ ਖਾਂਦੇ –

**'ਜੋ ਕਿਛੁ ਰੋਜ਼ ਕਿਰਤਿ ਕਰਿ ਲਯਾਵੈ।**
**ਆਇ ਦਿਵਸੁ ਪ੍ਰਸਾਦਿ ਕਰਾਵੈ।...੪੮੮॥**

ਜੋ ਰੋਜ਼ਾਨਾ ਦਾ ਪੰਜ ਸੌ ਰੁਪਿਆ ਗੁਰੂ ਜੀ ਨੂੰ ਮਿਲਦਾ ਸੀ ਉਹ ਰਾਜਿਆਂ ਨੂੰ ਹੀ ਵੰਡ ਦਿੰਦੇ ਸਨ –

**ਰੁਪਯਾ ਪੰਜ ਸੈ ਸ਼ਾਹ ਪਠਾਵੈ। ਸ੍ਰੀ ਗੁਰੁ ਭੋਜਨੁ ਤਿਹ ਕਰਾਵੈ ॥੪੮੩॥**

**ਦੋਹਰਾ -**

**ਬੰਦੀਖਾਨੇ ਜੋ ਪਰੇ ਤਿਨ ਕੋ ਦੇਤ ਖਵਾਇ।**
**ਅੰਗੀਕਾਰ ਨ ਗੁਰ ਕਰੈਂ ਐਸੇ ਨਿੱਤ ਕਰਾਇ ॥੪੮੪॥**

ਮਹਾਰਾਜ ਦੀ ਗ੍ਰਿਫਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗ ਪਈਆਂ। ਬਾਬਾ ਬੁੱਢਾ ਜੀ ਨੇ ਅਕਾਲ ਤਖ਼ਤ ਤੋਂ ਚੌਂਕੀ ਕੱਢਣ ਦੀ ਪਿਰਤ ਪਾਈ। ਕ੍ਰਿਪਾਨਾਂ ਧਾਰ ਤੇ ਮਸ਼ਾਲਾਂ ਹੱਥ ਲੈ, ਸੰਗਤਾਂ ਸ਼ਬਦ ਪੜ੍ਹਦੀਆਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਕਰਦੀਆਂ। ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਦਹਲੀਜ਼ 'ਤੇ ਬਾਹਰੋਂ ਹੀ ਮੁੜ ਜਾਂਦੀਆਂ। ਇਹ ਦਰਸਾਉਣ ਲਈ ਕਿ ਗੁਰੂ–ਪਾਤਸ਼ਾਹ ਦੇ ਦਰਸ਼ਨ ਨਾ ਹੋਣ ਕਾਰਨ ਵਿਆਕੁਲ ਹੋਏ ਹਾਂ। ਜਦ ਗੁਰੂ ਹਰਿਗੋਬਿੰਦ ਜੀ ਵਾਪਸ ਸ੍ਰੀ ਦਰਬਾਰ ਸਾਹਿਬ ਮੁੜੇ ਤਾਂ ਇਸ ਮਰਿਯਾਦਾ ਨੂੰ ਕਾਇਮ ਰੱਖਿਆ ਗਿਆ। ਅੱਜ ਵੀ ਜਦ ਚੌਕੀ ਅੰਦਰਲੀ ਦਹਿਲੀਜ਼ 'ਤੇ ਪੁੱਜਦੀ ਹੈ ਤਾਂ ਬਾਬਾ ਬੁੱਢਾ ਜੀ ਅਤੇ ਚੌਕੀ ਸਾਹਿਬ ਦੇ ਆਦਰ ਵਜੋਂ ਦਰਬਾਰ ਸਾਹਿਬ ਲਈ ਕੀਰਤਨ ਕੁਝ ਮਿੰਟ ਰੋਕ ਦਿੱਤਾ ਜਾਂਦਾ ਹੈ। ਮਹਾਰਾਜ ਨੇ ਇਹ ਬਚਨ ਵੀ ਕੀਤਾ ਸੀ ਜੋ ਇਕ–ਮਨ–ਚਿੱਤ ਸ਼ਬਦ ਪੜ੍ਹੇਗਾ ਉਸਨੂੰ ਇਸ ਚੌਕੀ ਵਿਚੋਂ ਮੇਰੇ ਹੀ ਦੀਦਾਰ ਹੋਣਗੇ! ਇਹ ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਅਰਦਾਸ ਦਾ ਹਿੱਸਾ ਬਣ ਗਈਆਂ। ਪੰਜਾਬ ਵਿਚੋਂ ਕਈ ਥਾਵਾਂ ਨਗਰਾਂ ਤੋਂ ਹੋ ਕੇ ਚੌਂਕੀਆਂ ਗਵਾਲੀਅਰ ਪੁੱਜਦੀਆਂ। ਕਿਲ੍ਹੇ ਦੀ ਪ੍ਰਕਰਮਾਂ ਕਰਕੇ ਮੁੜਦੀਆਂ। ਭਾਈ ਜੇਠਾ ਜੀ ਰਾਤ ਆਗਰੇ ਦੇ ਕਿਲ੍ਹੇ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਜਹਾਂਗੀਰ ਨੂੰ ਡਰਾ ਤਕ ਆਏ ਸਨ। ਜਹਾਂਗੀਰ ਇਤਨਾ ਘਬਰਾਇਆ ਕਿ ਹਕੀਮਾਂ ਕੋਲੋਂ ਉਪਾਅ ਪੁੱਛੇ। ਵਜ਼ੀਰ ਖਾਨ ਤੇ ਮੀਆਂ ਮੀਰ ਨੇ ਜਾ ਸਮਝਾਇਆ ਕਿ ਅੱਗੇ ਗੁਰੂ ਅਰਜਨ–ਸਾਹਿਬ ਨੂੰ ਸ਼ਹੀਦ ਕਰ ਕੇ ਕਹਿਰ ਕਮਾਇਆ ਈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਵਿਚ ਰੱਖ ਕੇ ਨਾ ਕਮਾ –

**ਸ੍ਰੀ ਗੁਰੂ ਰੂਪ ਅਲਾਹੀ ਜਾਨ।...੫੨੧॥**

ਨੂਰ ਜਹਾਨ ਨੇ ਵੀ ਸਮਝਾਇਆ ਕਿ ਸਾਈਂ ਦੀ ਜ਼ਾਤ ਸਾਈਂ ਜੈਸੀ ਹੀ ਹੁੰਦੀ ਹੈ। ਜਹਾਂਗੀਰ ਨੇ ਇਕ ਮਨਸਬਦਾਰ ਰਾਹੀਂ ਰਿਹਾਈ ਦਾ ਹੁਕਮ ਭੇਜਿਆ। ਵਜ਼ੀਰ ਖ਼ਾਨ ਆਪੂੰ ਵੀ ਆਇਆ ਪਰ ਮਹਾਰਾਜ ਨੇ ਕਿਹਾ, ਸਾਡਾ ਮਨ ਇੱਥੇ ਵੀ ਪ੍ਰਭੂ ਨਾਲ ਹੀ ਲੱਗਾ ਹੋਇਆ ਹੈ :

**'ਕਹਾ ਗੁਰੂ ਮਨ ਲਾਗ ਅਭੇਵਾ।'**

ਪਰ ਇਤਨਾ ਜਹਾਂਗੀਰ ਨੂੰ ਆਖ ਦਿਓ ਕਿ ਅਸੀਂ ਤਦ ਹੀ ਰਿਹਾ ਹੋਵਾਂਗੇ ਜਦ ਬਾਕੀ ਬੇਦੋਸ਼ ਬੰਦੀ ਰਾਜੇ ਸਾਡੇ ਨਾਲ ਹੀ ਰਿਹਾ ਕੀਤੇ ਜਾਣਗੇ –

**ਸੁਨੋ ਵਜ਼ੀਰ ਤਬੈ ਹੌ ਜਾਵੋਂ।**
**ਜੋ ਬਾਂਧੇ ਸਭਿ ਜੀਵ ਛੁਡਾਵੋਂ ॥੫੩੪॥**

**ਦੋਹਰਾ -**

**ਬੰਦੀ ਨ੍ਰਿਪ ਜੇਤੇ ਪਰੇ ਸਭ ਕੋ ਪ੍ਰਥਮ ਛਡਾਇ।**
**ਕਹੋ ਬਾਤ ਇਮ ਸ਼ਾਹ ਸੋਂ ਤੌ ਤੁਮਰੇ ਪਹਿ ਆਇ ॥੫੩੫॥**

ਵਜ਼ੀਰ ਖਾਨ ਬਾਦਸ਼ਾਹ ਜਹਾਂਗੀਰ ਪਾਸ ਮੁੜ ਆਇਆ ਤੇ ਗਵਾਲੀਅਰ ਵਿਖੇ ਗੁਰੂ ਜੀ ਨਾਲ ਹੋਈ ਸਾਰੀ ਗੱਲ ਦੱਸੀ ਤਾਂ ਜਹਾਂਗੀਰ ਨੇ ਕਿਹਾ – ਸਾਰਿਆਂ ਨੂੰ ਛੱਡ ਦਿਓ ਪਰ ਗੁਰੂ ਜੀ ਦੀ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ –

**ਖਾਂ ਵਜ਼ੀਰ ਕੋ ਸ਼ਾਹ ਅਲਾਇ। ਛੋਰ ਬੰਦਿ ਸਭਿ ਪੀਰ**
**ਲਿਆਇ ॥੫੪੦॥**

ਕਈ ਸਾਲਾਂ ਤੋਂ ਬੰਦੀ ਵਿਚ ਦੁੱਖ ਪਾਉਂਦੇ ਰਾਜੇ ਗੁਰੂ ਜੀ ਦਾ ਪੱਲਾ ਪਕੜ ਕੇ ਰਿਹਾ ਹੋਏ। ਗੁਰੂ ਜਿਹਾ ਕੌਣ ਪਰਉਪਕਾਰੀ ਹੈ ਜਿਸ ਉਤਨਾ ਚਿਰ ਰਿਹਾ ਹੋਣਾ ਨਾ ਮੰਨਿਆ ਜਦ ਤਕ ਰਾਜੇ ਰਿਹਾ ਨਾ ਹੋਏ!

**ਬਹੁ ਬਰਸਨ ਕੋ ਨ੍ਰਿਪ ਬੰਦਿ ਪਰੇ ਤਨ**
**ਛੀਨ ਮਲੀਨ ਮਹਾਂ ਸ਼੍ਰਮ ਧਾਰੇ।**
**ਗੁਰ ਕੇ ਪਦ ਪੰਕਜ ਦੇਖਤ ਹੀ ਅਘ**
**ਓਘ ਸਭੀ ਨਰ ਕੇ ਕਟਿ ਡਾਰੇ।**
**ਸਿੰਧੁਜਰਾ ਜਸੁ ਬੰਧ ਲੀਏ ਨ੍ਰਿਪ**
**ਰਾਮ ਕੇ ਭ੍ਰਾਤ ਸੁ ਕੀਨ ਉਧਾਰੇ।**
**ਤੈਸੇ ਗੁਰੂ ਨ੍ਰਿਪ ਛੋਰ ਦੀਏ ਗੁਰ ਕੇ**
**ਸਮ ਕੌਨੁ ਕਰੇ ਉਪਕਾਰੇ ॥੫੪੬॥**

ਜਦ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਮਿਲੇ ਤਾਂ ਗੁਰੂ ਜੀ ਪਾਸ ਮਾਲਾ ਦੇਖ ਕੇ ਜਹਾਂਗੀਰ ਦੋਸਤੀ ਜਤਲਾਉਣ ਲਈ ਕਹਿਣ ਲੱਗਾ ਕਿ ਆਪਣੀ ਮਾਲਾ ਦਾ ਇਕ ਮਣਕਾ ਮੈਨੂੰ ਦਿਓ ਤਾਂ ਕਿ ਤਸਬੀ ਵਿਚ ਲਗਾ ਕੇ ਫੇਰਾਂ! ਮਹਾਰਾਜ ਨੇ ਕਿਹਾ – ਜਦ ਗੁਰੂ ਅਰਜਨ ਸਾਹਿਬ ਜੀ ਸ਼ਹੀਦ ਹੋਏ ਉਨ੍ਹਾਂ ਪਾਸ ਵੀ ਅਜਿਹੀ ਇਕ ਮਾਲਾ ਸੀ, ਚੰਦੂ ਨੇ ਪਾਸ ਹੀ ਰੱਖ ਲਈ ਹੋਵੇਗੀ!

ਜਹਾਂਗੀਰ ਨੇ ਕਿਹਾ ਕਿ ਮੈਨੂੰ ਬੜੀ ਗਲਤਫਹਿਮੀ ਪਾਈ ਗਈ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਜੋ ਤੂੰ ਕੀਤਾ ਹੈ ਇਸ ਦਾ ਹਿਸਾਬ ਹੁਣ ਇਥੇ ਨਹੀਂ, ਦਰਗਾਹ ਹੀ ਹੋਵੇਗਾ! ਹੁਣ ਦੁਹਰਾਉਣ ਦੀ ਲੋੜ ਨਹੀਂ। ਚੁੱਪੀ ਵਿਚ ਹੀ ਭਲਾ ਹੈ –

**ਹਮਰਾ ਤੁਮ ਦਰਗਾਹੇ ਲੇਖਾ।**
**ਯਜ਼ਦਾ ਕਰੇ ਚਰਿਤ ਜਹ ਦੇਖਾ।**
**ਇਹਾ ਕਛੂ ਹਮ ਤੋਹਿ ਨ ਕਹੋਂ।**
**ਬੋਲਤ ਕਾਹਿ ਮੋਨਿ ਹੈ ਰਹੋ ॥੫੬੯॥**

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਇਸਤਰੀ ਵੀ ਗੁਰੂ ਜੀ ਦੇ ਹਵਾਲੇ ਕੀਤੇ। ਪਰ ਖਿਮਾ–ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰੂ–ਪਾਤਸ਼ਾਹ ਨੇ ਕਿਹਾ ਕਿ ਇਨ੍ਹਾਂ ਨੂੰ ਛੱਡ ਦਿਓ, ਇਨ੍ਹਾਂ ਦਾ ਕੀ ਕਸੂਰ ਹੈ?

**ਸ੍ਰੀ ਗੁਰ ਕਹਾ ਇਨੈ ਛੱਡ ਦੀਜੈ।**
**ਇਨ ਕੈ ਵਸਿ ਨਹਿ, ਜੋ ਗਹਿ ਲੀਜੈ ॥੫੯੫॥**

ਬਿਧੀ ਚੰਦ ਨੇ ਕਿਹਾ – ਮਹਾਰਾਜ! ਪਾਪੀ ਦੇ ਬੱਚੇ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ ਪਰ ਗੁਰੂ ਜੀ ਨੇ ਕਿਹਾ – ਨਹੀਂ ਬਿਧੀ ਚੰਦ! ਸੂਰਮਾ ਕਦੀ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਉਂਦਾ। ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ। ਗੁਰ ਬਿਲਾਸ ਨੇ ਇਸ ਵਾਕ ਨੂੰ ਉਚੇਚਾ 'ਸ੍ਰੀ ਗੁਰੋ ਵਾਚ' ਕਹਿ ਕੇ ਦਰਜ ਕੀਤਾ ਹੈ। ਵਾਕ ਹੈ :

**ਜੇ ਸੂਰੇ ਬਲ ਭਾਰ ਧਰਾਵੈ।**
**ਨਾਰੀ ਪਰਿ ਨਹਿ ਵਾਰ ਕਰਾਵੈ ॥...੬੧੧॥**

ਬੰਦੀ ਰਾਜਿਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਗਵਾਲੀਅਰ ਵਿਚੋਂ ਰਿਹਾ ਕਰਵਾਇਆ, ਦੀ ਗਿਣਤੀ 'ਗੁਰਬਿਲਾਸ' ਮੁਤਾਬਿਕ ਦੋ ਸੌ ਦਸ (੨੧੦) ਸੀ। ਉਨ੍ਹਾਂ ਦੇ ਰਾਜ ਵੀ ਮੁੜਵਾ ਦਿੱਤੇ। ਗੁਰੂ ਮਹਾਰਾਜ ਨੇ ਸਭ ਰਾਜਿਆਂ ਨੂੰ ਕਿਹਾ ਕਿ ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਉਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਹੁਣ ਬਾਦਸ਼ਾਹ ਨਾਲ ਬਣਾਈ ਰੱਖਣਾ। ਬਗ਼ਾਵਤ ਦੀ ਨਹੀਂ ਸੋਚਣੀ। ਮਿੱਤਰਤਾ ਜਦ ਹੋ ਜਾਏ, ਫਿਰ ਅੰਤਰ ਨਹੀਂ ਰੱਖਣਾ ਚਾਹੀਦਾ –

**ਸਤਿਨਾਮ ਰਿਦੈ ਮੋ ਧਰੋ**
**ਆਗਯਾ ਸ਼ਾਹ ਕਰਾਇ ॥੬੦੧॥**

ਵਾਪਸੀ 'ਤੇ ਦਿੱਲੀ ਵਿਖੇ ਫਿਰ ਮਜਨੂੰ ਟਿੱਲੇ ਹੀ ਟਿਕਾਣਾ ਕੀਤਾ। ਸੰਗਤਾਂ ਦਰਸ਼ਨ ਕਰ, ਨਿਹਾਲ ਹੋਈਆਂ। ਮਜਨੂੰ ਨੂੰ ਧੀਰਜ ਦਿੱਤਾ।

ਚੰਦੂ ਪਕੜਿਆ ਨਾਲ ਹੀ ਆ ਰਿਹਾ ਸੀ। ਉਸ ਨੂੰ ਹਰ ਕੋਈ ਲਾਹਨਤ ਪਾਉਂਦਾ ਤੇ ਜੁੱਤੀਆਂ ਵੀ ਮਾਰਦਾ।

ਗੁਰੂ ਜੀ ਦੇ ਆਚਰਣ ਦੀ ਧਾਂਕ ਵੀ ਜਹਾਂਗੀਰ 'ਤੇ ਪਈ। ਨੂਰ ਜਹਾਨ ਦਾ ਚਿਹਰਾ ਚੰਨ ਵਾਂਗੂੰ ਚਮਕਦਾ ਸੀ। ਸ਼ਿੰਗਾਰ ਵੀ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕ੍ਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਹੋਂਦ ਕੀ ਕਰ ਸਕਦੀ ਸੀ? ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਮਹਾਰਾਜ ਨੇ ਕਿਹਾ–

ਬੇਟੀ! ਜੇ ਸਦਾ ਕਾਇਮ ਰਹਿਣ ਵਾਲੇ ਅਲਾਹ ਦੀ ਯਾਦ ਨਾ ਵਿਸਰਨ ਵਾਲਾ ਸ਼ਿੰਗਾਰ ਕਰ ਲਵੇਂ ਤਾਂ ਖੁਦਾ ਨੂੰ ਪਾ ਲਵੇ!

**ਐਸੋ ਸਾਚ ਸ਼ਿੰਗਾਰ ਕਰਿ ਪੁਤ੍ਰੀ ਪਾਇ ਖੁਦਾਇ ॥੬੪੦॥**

ਉਸ ਨੂੰ ਲੱਜਾ ਆਈ। ਨੂਰ ਜਹਾਨ ਨੇ ਜਦੋਂ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ 'ਤੇ ਤੁਸੀਂ ਕਿਵੇਂ ਪਾਇਆ ਹੋਇਆ ਹੈ ਤਾਂ ਆਪ ਜੀ ਨੇ ਫਰਮਾਇਆ–

**ਮੌਤ ਭੁੱਲਦੀ ਨਹੀਂ ਤੇ ਖ਼ੁਦਾ ਦੀ ਯਾਦ ਟੁੱਟਦੀ ਨਹੀਂ।**

ਜਦ ਜਹਾਂਗੀਰ ਨਾਲ ਵੱਖਰੀ ਭੇਂਟ ਹੋਈ ਤਾਂ ਉਸ ਨਿਮਰਤਾ ਨਾਲ ਖਿਮਾ ਮੰਗੀ ਤੇ ਖ਼ਾਹਿਸ਼ ਪ੍ਰਗਟਾਈ ਕਿ ਗੋਇੰਦਵਾਲ ਤੇ ਤਰਨਤਾਰਨ ਦੇ ਦਰਸ਼ਨਾਂ ਬਾਅਦ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਪੁੱਜ ਕੇ ਮਾਤਾ ਜੀ ਕੋਲੋਂ ਕ੍ਰਿਪਾ ਕਰ ਖ਼ਿਮਾ ਲੈ ਦੇਵੋ। ਮਹਾਰਾਜ ਨੇ ਕਿਹਾ – ਜਦ ਜੀਅ ਆਏ, ਉਥੇ ਆਓ। ਗੁਰੂ–ਘਰ ਕੋਈ ਰੋਕ ਨਹੀਂ।

ਗੁਰੂ ਜੀ ਵੀ ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਪੁੱਜੇ। ਸਾਰਾ ਇਲਾਕਾ ਹੀ ਦਰਸ਼ਨਾਂ ਲਈ ਉਮਡ ਪਿਆ। ਬਾਬਾ ਬੁੱਢਾ ਜੀ ਨੇ ਸਹੀ ਸਲਾਮਤ ਪੁੱਜਣ ਦੀ ਅਰਦਾਸ ਕੀਤੀ। ਮਾਤਾ ਜੀ ਦੇ ਚਰਨ ਜਦ ਗੁਰੂ ਜੀ ਨੇ ਛੂਹੇ, ਉਨ੍ਹਾਂ ਛਾਤੀ ਨਾਲ ਲਗਾ ਲਿਆ ਤੇ ਕਿਹਾ, 'ਅੱਜ ਖੁਸ਼ੀ ਸੰਭਾਲੀ ਨਹੀਂ ਜਾਂਦੀ।'

**ਮਾਤਾ ਕੇ ਚਰਨੀ ਲਗੇ ਮਾਤ ਲੀਨ ਉਰਿ ਲਾਇ।**
**ਆਨੰਦ ਸੌਂ ਸੁਤ ਤੁਮ ਆਏ ਪ੍ਰੇਮ ਨ ਚਿੱਤਿ ਸਮਾਇ ॥੬੩੭॥**

ਅਜੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਖ਼ਬਰ ਪੁੱਜੀ ਕਿ ਜਹਾਂਗੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣਾ ਚਾਹੁੰਦੇ ਹਨ। ਗੁਰੂ ਜੀ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਜਦ ਚਿੱਤ ਚਾਹੇ ਆਵੋ! ਜਹਾਂਗੀਰ ਤਰਨਤਾਰਨ ਦੇ ਰਾਹ ਬਾਹਰਲੀ ਬਾਹੀ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਅੱਗੋਂ ਭੇਜਿਆ ਕਿ ਨਾਲ ਲੈ ਆਵੋ! ਉਸ ਨੇ ਪਹਿਲਾਂ ਬਾਹਰੋਂ ਹੀ ਸਿਰ ਨਿਵਾਇਆ ਤੇ ਫਿਰ ਅਕਾਲ ਤਖ਼ਤ 'ਤੇ ਕੜਾਹ ਪ੍ਰਸ਼ਾਦ ਕਰਵਾਇਆ। ਮੱਥਾ ਟੇਕਿਆ –

**'ਦਰਸ ਤਖ਼ਤ ਕਰਿ ਅਨੰਦ ਚੀਨੀ ॥੬੭੬॥**

ਫਿਰ ਸ੍ਰੀ ਦਰਬਾਰ ਸਾਹਿਬ ਆਇਆ। ਬੈਠ ਕੀਰਤਨ ਸੁਣਿਆ। ਉਥੇ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਉਸ ਬੇਅੰਤ ਮਾਇਆ ਭੇਟ ਕੀਤੀ। ਕੀਰਤਨ ਦੇ ਭੋਗ ਉਪਰੰਤ ਜਹਾਂਗੀਰ ਨੇ ਮਾਤਾ ਜੀ ਦੇ ਦਰਸ਼ਨਾਂ ਦੀ ਲੋਚਾ ਦੱਸੀ ਤੇ ਗੁਰੂ ਜੀ ਨੂੰ ਕਿਹਾ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖਿਮਾ ਪ੍ਰਾਪਤ ਕਰਾਂ–

**ਚਲੋ ਪੀਰ ਮਾਤਾ ਨਿਕਟਾਇ।**
**ਪਰੀ ਭੂਲ ਮਮ ਛਿਮਾ ਕਰਾਇ ॥੬੮੦॥**

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਿਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ –

**ਛਿਮਾ ਮਾਤ ਮਮ ਕੀਜੀਏ,**
**ਮੁੱਖ ਸੌਂ ਕੀਨ ਉਚਾਰ ॥੬੮੪॥**

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਜਦ ਜਹਾਂਗੀਰ ਸਫਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ, ਜਹਾਂਗੀਰ!

**ਗੁਰ ਗ੍ਰਿਹ ਸਾਥਿ ਵੈਰ ਜੋ ਪਾਵੇ,**
**ਹਲਤ ਪਲਤ ਨਿਜ ਦੋਇ ਗਵਾਵੈ ॥੬੮੮॥**

ਗੁਰੂ ਤਾਂ ਜਨਮ–ਮਰਨ ਵਿਚ ਨਹੀਂ ਹਨ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਉਂਦੇ ਹਨ। ਜਦ ਤੱਕ ਮਾਤਾ ਜੀ ਨੇ ਮੁਖ ਤੋਂ 'ਖਿਮਾ ਕੀਤੀ' ਦੇ ਸ਼ਬਦ ਨਾ ਆਖੇ ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ –

**ਸੁਨੋ ਸ਼ਾਹਿ ਗੁਰ ਤੋਰ ਸਹਾਈ।**
**ਲੋਕ ਪ੍ਰਲੋਕ ਵਿਖੈ ਸੁਖ ਪਾਈ।**
**ਯੌ ਸੁਨਿ ਕੈ ਮਾਤਾ ਕੇ ਬੈਨਾ।**
**ਜਹਾਂਗੀਰ ਮਨਿ ਆਯੋ ਚੈਨਾ ॥੬੯੧॥**

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖਰਚ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ – ਜੈਸਾ ਹੈ, ਸੁੰਦਰ ਹੈ, ਸਮਾਂ ਪਾ ਕੇ ਆਪੇ ਸਿੱਖ ਬਣਾਉਣਗੇ –

**ਕਹਾ ਗੁਰੂ ਅਬ ਨਾਹਿ ਸੁਹਾਵੈ।**
**ਸਮਾ ਪਾਇ ਇਹ ਅਧਿਕ ਬਨਾਵੈ ॥੭੦੦॥**

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਏ।

('ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦੇ ਆਧਾਰ 'ਤੇ)

Scanned with CamScanner

# ਧਾਰਮਿਕ ਸਰਗਰਮੀਆਂ



## ਪਰਮਾਤਮਾ ਨਾਲ ਸੁਰਤੀ ਜੋੜਨ ਵਾਲਾ ਜੀਵ ਦੁਨਿਆਵੀ ਰਸਾਂ ਤੋਂ ਆਜ਼ਾਦ ਹੋ ਜਾਂਦੈ -ਬਾਬਾ ਗੁਰਦੀਪ ਸਿੰਘ


### ਚੰਦ ਪੁਰਾਣਾ ਵਿਖੇ ਪੁੰਨਿਆ ਦੇ ਦਿਹਾੜੇ ਤੇ ਸੰਗਤਾਂ ਨੇ ਭਰੀ ਹਾਜ਼ਰੀ

ਬਾਘਾਪੁਰਾਣਾ/ ਭਵਨਦੀਪ ਸਿੰਘ ਪੁਰਬਾ

ਮਾਲਵੇ ਦੇ ਪਵਿੱਤਰ ਅਤੇ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਪੁੰਨਿਆ ਦੇ ਦਿਹਾੜੇ ਨੂੰ ਸਮਰਪਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪਾਠਾਂ ਦੇ ਭੋਗ ਪਾਏ ਗਏ ਜਿਸ ਦੌਰਾਨ ਸਜੇ ਧਾਰਮਿਕ ਦੀਵਾਨ ਵਿੱਚ ਰਾਗੀ ਜਥੇ ਭਾਈ ਸਿਮਰਨ ਸਿੰਘ, ਭਾਈ ਗੁਰਚਰਨ ਸਿੰਘ ਰਸੀਲਾ, ਭਾਈ ਇਕਬਾਲ ਸਿੰਘ ਦੀ ਲੰਗੇਆਣ ਵਾਲੇ, ਭਾਈ ਜਸਪਾਲ ਸਿੰਘ ਲੱਲੇ ਅਤੇ ਕਵੀਸ਼ਰੀ ਵੀਰਭਾਨ ਮਾਲਵਾ ਮੌੜ ਆਦਿ ਰਾਗੀ ਜਥਿਆਂ ਵੱਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਦੀ ਬਾਣੀ ਦੇ ਦਰਸਾਏ ਮਾਰਗ ਤੇ ਚੱਲਣ ਦੇ ਲਏ ਆਈਆਂ ਸੰਗਤਾਂ ਨੂੰ ਪ੍ਰੇਰਿਆ।

ਇਸ ਮੌਕੇ ਪੁੱਜੀਆਂ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਗੁਰੂ ਜੀ ਦੇ ਬਚਨਾਂ ਉਤੇ ਚਲ ਕੇ ਜਿਨ੍ਹਾਂ ਦਾ ਮਨ ਅਡੋਲਤਾ ਦੀ ਸਮਾਧੀ ਲਾ ਲੈਂਦਾ ਹੈ ਭਾਵ, ਵਿਕਾਰਾਂ ਵਲ ਡੋਲਣੋਂ ਹਟ ਜਾਂਦਾ ਹੈ ਪਰਮਾਤਮਾ ਦੇ ਪ੍ਰੇਮ ਵਿਚ ਰੰਗਿਆ ਹੋਇਆ ਉਹ ਮਨ ਪਰਮਾਤਮਾ ਦੀ ਯਾਦ ਵਿਚ ਹੀ ਪਰਚਿਆ ਰਹਿੰਦਾ ਹੈ। ਪਰ ਜਿਹੜੇ ਜੀਵ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਹਨ ਉਹ ਭਟਕਣਾਂ ਵਿਚ ਪੈ ਕੇ ਕੁਰਾਹੇ ਪਏ ਰਹਿੰਦੇ ਹਨ। ਗੁਰੂ ਦੇ ਸ਼ਬਦ ਦੀ ਰਾਹੀਂ ਜਿਨ੍ਹਾਂ ਦੀ ਸਾਂਝ ਪ੍ਰਭੂ ਨਾਲ ਬਣ ਜਾਂਦੀ ਹੈ ਉਹ ਪ੍ਰਭੂ ਤੋਂ ਬਿਨਾ ਰਹਿ ਨਹੀਂ ਸਕਦੇ।





ਬਾਬਾ ਜੀ ਨੇ ਅੱਗੇ ਫਰਮਾਇਆ ਕਿ ਉਹ ਅਕਾਲਪੁਰਖ ਮੇਹਰ ਕਰ ਕੇ ਜਿਸ ਨੂੰ ਆਪਣੇ ਸੇਵਕਾਂ ਦਾ ਦਾਸ ਬਣਾਂਦਾ ਹੈ, ਉਸ ਨੂੰ ਪ੍ਰਭੂ ਦਾ ਨਾਮ-ਧਨ ਮਿਲਦਾ ਹੈ, ਉਸ ਨੂੰ ਹਰਿ-ਨਾਮ ਦੀ ਪੂੰਜੀ ਮਿਲਦੀ ਹੈ,ਜੇ ਇਸ ਸਰੀਰ ਦੀ ਰਾਹੀਂ ਇਸ ਜਨਮ ਵਿਚ ਪ੍ਰਮਾਤਮਾ ਦਾ ਮਿਲਾਪ ਹਾਸਲ ਨਹੀਂ ਕੀਤਾ, ਤਾਂ ਇਹ ਸਰੀਰ ਫਿਟਕਾਰ-ਜੋਗ ਹੈ, ਇਹ ਮਨੁੱਖਾ ਸਰੀਰ ਪ੍ਰਮਾਤਮਾ ਦੇ ਦੇਸ ਵਿਚ ਪਹੁੰਚਣ ਲਈ ਪੌੜੀ ਹੈ ਜੇ ਇਹ ਪੌੜੀ ਹੱਥੋਂ ਨਿਕਲ ਜਾਏ ਤਾਂ ਮੁੜ ਹੱਥ ਵਿਚ ਨਹੀਂ ਆਉਂਦੀ। ਮਨੁੱਖ ਆਪਣਾ ਬੜਾ ਕੀਮਤੀ ਜੀਵਨ ਗਵਾ ਲੈਂਦਾ ਹੈ।

ਬਾਬਾ ਜੀ ਨੇ ਕਿਹਾ ਕਿ ਆਓ ਉਸ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕਿ ਹਰ ਜੀਵ ਨੂੰ ਆਪਣੇ ਚਰਨਾਂ ਦਾ ਸੇਵਕ ਬਨਾ ਲੈ ਤੇਰੇ ਨਾਮ ਦੀ ਪ੍ਰੀਤ ਨਾਲ ਹਰ ਰੂਹ ਜੁੜ ਜਾਵੇ ਕਿਉਂਕਿ ਇਹਨਾਂ ਜੀਵਾਂ ਦੇ ਵੱਸ ਵਿਚ ਕੁਝ ਨਹੀਂ। ਕਿਉਂਕਿ ਜਿਸ ਮਨੁੱਖ ਦੀ ਸੁਰਤਿ ਇਕ ਪ੍ਰਮਾਤਮਾ ਵਿਚ ਜੁੜੀ ਰਹਿੰਦੀ ਹੈ ਉਹ ਮਨੁੱਖ ਮੋਹ ਤੋਂ ਆਜ਼ਾਦ ਹੋ ਜਾਂਦਾ ਹੈ, ਉਹ ਸਦਾ ਪ੍ਰਮਾਤਮਾ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ। ਇਹੋ ਜਿਹੇ ਬੰਦਿਆਂ ਦੀ ਡੂੰਘੀ ਆਤਮਕ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ। ਥਿਰ ਰਹਿਣ ਵਾਲੇ ਪ੍ਰਭੂ ਨੇ ਆਪ ਹੀ ਉਹਨਾਂ ਦਾ ਜੀਵਨ ਸੋਹਣਾ ਬਣਾ ਦਿੱਤਾ ਹੁੰਦਾ ਹੈ। ਪਰ ਜੇਹੜੇ ਬੰਦੇ ਮਾਇਆ ਦੀ ਭਟਕਣਾ ਵਿਚ ਪੈ ਕੇ ਜੀਵਨ-ਰਾਹ ਤੋਂ ਖੁੰਝੇ ਰਹਿੰਦੇ ਹਨ, ਉਹ ਬੰਦੇ ਮਨਮੁਖ ਕਹੇ ਜਾਂਦੇ ਹਨ ਉਹ ਮਾਇਆ ਦੇ ਮੋਹ ਦੇ ਸਮੁੰਦਰ ਵਿਚ ਡੁੱਬੇ ਰਹਿੰਦੇ ਹਨ ਉਹ ਨਾਹ ਉਰਲੇ ਪਾਸੇ ਜੋਗੇ ਅਤੇ ਨਾਹ ਪਾਰ ਲੰਘਣ ਜੋਗੇ ਹੁੰਦੇ ਹਨ। ਇਸ ਲਈ ਜੀਵ ਨੂੰ ਬੰਦਗੀ ਕਰਨੀ ਚਾਹੀਦੀ ਹੈ।

## ਸਿੰਘੂ ਬਾਰਡਰ ਤੇ ਵਾਪਰੀ ਘਟਨਾਂ ਦੇ ਸਬੰਧ ਵਿੱਚ ਗੁਰਦੁਆਰਾ ਜੋਤੀ ਸਰੂਪ ਜੋਗੇਵਾਲਾ ਵਿਖੇ ਹੋਈ ਸੰਤ ਸਮਾਜ ਦੀ ਇੱਕ ਜਰੂਰੀ ਮੀਟਿੰਗ



ਜੋਗੇਵਾਲਾ ਟਕਸਾਲ (ਮੋਗਾ)/ ਭਵਨਦੀਪ ਸਿੰਘ ਪੁਰਬਾ

ਗੁਰਦੁਆਰਾ ਜੋਤੀ ਸਰੂਪ ਜੋਗੇਵਾਲਾ ਵਿਖੇ ਸੰਤ ਸਮਾਜ ਦੀ ਇੱਕ ਜਰੂਰੀ ਮੀਟਿੰਗ ਹੋਈ।

ਇਹ ਮੀਟਿੰਗ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ ਦੀ ਅਗਵਾਈ ਵਿੱਚ ਬੁਲਾਈ ਗਈ ਜਿਸ ਵਿੱਚ ਸੰਤ ਗਿਆਨੀ ਅਵਤਾਰ ਸਿੰਘ ਜੀ ਬੱਧਨੀ ਕਲਾਂ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਬਾਬਾ ਮਹਿੰਦਰ ਸਿੰਘ ਜਨੇਰ, ਬਾਬਾ ਸੁਰਜੀਤ ਸਿੰਘ ਮਹਿਰੋ, ਬਾਬਾ ਗੁਰਮੀਤ ਸਿੰਘ ਜੀ ਖੋਸਾ ਕੋਟਲਾ, ਗਿਆਨੀ ਹਰਪ੍ਰੀਤ ਸਿੰਘ ਜੋਗੇਵਾਲਾ, ਗਿਆਨੀ ਸਤਿਨਾਮ ਸਿੰਘ ਜਨੇਰ, ਗਿਆਨੀ ਰਣਜੀਤ ਸਿੰਘ ਲੰਗੇਆਣਾਂ, ਸੰਤ ਗਿਆਨੀ ਸੁਰਜੀਤ ਸਿੰਘ ਸੋਧੀ ਦਾ ਜੱਥਾ, ਭਾਈ ਹਰਪ੍ਰੀਤ ਸਿੰਘ ਖੁਖਰਾਣਾ ਸਮੇਤ ਪੰਥ ਦਰਦੀ ਸ਼ਾਮਲ ਹੋਏ।

ਇਸ ਮੀਟਿੰਗ ਵਿੱਚ ਸਿੰਘੂ ਬਾਰਡਰ ਤੇ ਵਾਪਰੀ ਘਟਨਾਂ (ਨਿਹੰਗ ਸਿੰਘ ਵੱਲੋਂ ਬੇਅਦਬੀ ਕਰਨ ਵਾਲੇ ਦੋਖੀ ਦੇ ਹੱਥ ਕੱਟ ਦਿੱਤੇ ਜਾਣ) ਤੇ ਵਿਚਾਰ ਚਰਚਾ ਹੋਈ। ਨਿਹੰਗ ਸਿੰਘਾਂ ਵੱਲੋਂ ਕੀਤੀ ਕਾਰਵਾਈ ਦੀ ਡੱਟ ਕੇ ਸਪੋਟ ਕਰਨ ਦਾ ਫੈਸਲਾ ਕੀਤਾ ਗਿਆ। ਅੰਤ ਵਿੱਚ ਸਮੁੱਚੇ ਤੌਰ ਤੇ ਸਾਰੀਆਂ ਧਾਰਮਿਕ ਸ਼ਖ਼ਸੀਅਤਾਂ ਵੱਲੋਂ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਪ੍ਰੈਸ ਨੂੰ ਮੀਟੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੱਤੀ।







Scanned with CamScanner




# ਅਲੋਪ ਹੋ ਰਿਹਾ ਪੰਜਾਬੀ ਵਿਰਸਾ - ਦਰਵਾਜ਼ੇ



ਉਨ੍ਹਾਂ ਸਮਿਆਂ ਵਿਚ ਘਰਾਂ ਦੇ ਦਰਵਾਜ਼ੇ ਵੀ ਇਸੇ ਤਰ੍ਹਾਂ ਦੇ ਡਾਟਦਾਰ ਹੁੰਦੇ ਸਨ ਪਰ ਉਨ੍ਹਾਂ ਦਾ ਆਕਾਰ ਇਨ੍ਹਾਂ ਦਰਵਾਜ਼ਿਆਂ ਨਾਲੋਂ ਛੋਟਾ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਲੈ-ਦੇ ਕੇ ਬਹੁਤਿਆਂ ਦਾ ਇਕ ਹੀ ਘਰ ਹੁੰਦਾ ਸੀ। ਰਿਹਾਇਸ਼ ਵੀ ਉਸੇ ਘਰ ਵਿਚ ਹੁੰਦੀ ਸੀ। ਪਸ਼ੂ ਵੀ ਉਸੇ ਘਰ ਵਿਚ ਰੱਖੇ ਜਾਂਦੇ ਸਨ।

ਊਠ ਪੱਠਿਆਂ ਦੇ ਲੱਦੇ-ਲਦਾਏ ਇਨ੍ਹਾਂ ਦਰਵਾਜ਼ਿਆਂ ਵਿਚ ਦੀ ਲੰਘ ਜਾਂਦੇ ਸਨ। ਘਰ ਵੀ ਬਹੁਤ ਖੁੱਲ੍ਹੇ ਹੁੰਦੇ ਸਨ। ਗਰਮੀਆਂ ਦੇ ਮੌਸਮ ਵਿਚ ਇਨ੍ਹਾਂ ਦਰਵਾਜ਼ਿਆਂ ਵਿਚ ਹੀ ਘਰ ਦੇ ਜੀਆਂ ਦਾ ਜ਼ਿਆਦਾ ਸਮਾਂ ਲੰਘਦਾ ਹੁੰਦਾ ਸੀ।

**ਧੰਨ ਕੁਰ ਸਿਉਂਮੇ ਕੁੜਤੀ ਖੱਦਰ ਦੀ,**
**ਮੇਰੀ ਕੱਤਣ ਦੀ ਤਿਆਰੀ।**
**ਵਿਚ ਦਰਵਾਜ਼ੇ ਦੇ,**
**ਲੱਛੀ ਕੱਢੇ ਫੁਲਕਾਰੀ।**
**ਆਰੀ ਆਰੀ ਆਰੀ,**
**ਵਿਚ ਦਰਵਾਜ਼ੇ ਦੇ,**
**ਇਕ ਫੁੱਲ ਕੱਢਦਾ ਫੁਲਕਾਰੀ।**

ਉਨ੍ਹਾਂ ਸਮਿਆਂ ਵਿਚ ਨੰਬਰਦਾਰ ਚੰਗੀ ਜ਼ਮੀਨ-ਜਾਇਦਾਦ ਵਾਲੇ, ਮਾਣ-ਸਤਿਕਾਰ ਵਾਲੇ ਬਣਾਏ ਜਾਂਦੇ ਸਨ। ਜਿਸ ਕਿਸੇ ਨੰਬਰਦਾਰ ਦੀ ਛੋਟੀ-ਮੋਟੀ ਡਿਉਢੀ ਤਾਂ ਹੁੰਦੀ ਸੀ ਪਰ ਦਰਵਾਜ਼ਾ ਨਹੀਂ ਹੁੰਦਾ ਸੀ, ਉਸ ਦੀ ਨੰਬਰਦਾਰੀ 'ਤੇ ਵਿਅੰਗ ਕੱਸਿਆ ਜਾਂਦਾ ਸੀ-

**ਤੂੰ ਕਾਹਦਾ ਨੰਬਰਦਾਰ।**
**ਵੇ ਦਰਵਾਜ਼ਾ ਹੈ ਨੀ।**

ਦਰਵਾਜ਼ਾ ਉਨ੍ਹਾਂ ਸਮਿਆਂ ਵਿਚ ਸਤਿਕਾਰ ਦਾ ਚਿੰਨ੍ਹ ਸਮਝਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਲੋਕ ਦੁੱਧ, ਮੱਖਣ, ਘਿਓ, ਅੱਧਰਿੜਕ, ਤਿਊੜਾਂ ਤੇ ਲੱਸੀਆਂ ਪੀਂਦੇ ਹੁੰਦੇ ਸਨ। ਲੋਕਾਂ ਵਿਚ ਅੰਨ੍ਹਾ ਜ਼ੋਰ ਹੁੰਦਾ ਸੀ। ਖੇਤੀ ਦਾ ਸਾਰਾ ਕੰਮ ਹੱਥੀਂ ਕੀਤਾ ਜਾਂਦਾ ਸੀ। ਉਨ੍ਹਾਂ ਸਮਿਆਂ ਦੀਆਂ ਮੁਟਿਆਰਾਂ ਵਿਚ ਵੀ ਲੋਹੜੇ ਦੀ ਜੁਆਨੀ ਹੁੰਦੀ ਸੀ। ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਦੀ ਧਮਕ ਦਰਵਾਜ਼ਿਆਂ ਤੱਕ ਸੁਣੀ ਜਾਂਦੀ ਸੀ-

**ਗਿੱਧੇ ਵਿਚ ਨੱਚਦੀ ਦੀ,**
**ਮੇਰੀ ਧਮਕ ਪਵੇ ਦਰਵਾਜ਼ੇ¢।**

ਉਨ੍ਹਾਂ ਸਮਿਆਂ ਵਿਚ ਕੁੜੀਆਂ ਨੂੰ ਪੜ੍ਹਾਇਆ ਨਹੀਂ ਜਾਂਦਾ ਸੀ ਪਰ ਘਰ ਦੇ ਕੰਮ-ਧੰਦੇ ਵਿਚ ਪੂਰਾ ਮਾਹਰ ਕੀਤਾ ਜਾਂਦਾ ਸੀ। ਕੁੜੀਆਂ ਦਾ ਜ਼ਿਆਦਾ ਸਮਾਂ ਕਢਾਈ, ਬੁਣਾਈ, ਕਤਾਈ ਵਿਚ ਲਗਦਾ ਹੁੰਦਾ ਸੀ। ਆਮ ਤੌਰ 'ਤੇ ਹਰ ਘਰ ਵਿਚ ਤਿੰਨ-ਤਿੰਨ, ਚਾਰ-ਚਾਰ ਚਰਖੇ ਹੁੰਦੇ ਸਨ।

ਮੁਟਿਆਰਾਂ ਦੇ ਚਰਖੇ ਕੱਤਣ ਦੀਆਂ ਗੂੰਜਾਂ ਵੀ ਦਰਵਾਜ਼ਿਆਂ ਤੱਕ ਸੁਣੀਆਂ ਜਾਂਦੀਆਂ ਸਨ-

**ਆ ਵੇ ਦਿਉਰਾ ਜਾ ਵੇ ਦਿਉਰਾ,**
**ਬੋਤਾ ਬੰਨ ਦਰਵਾਜ਼ੇ।**
**ਬੋਤੇ ਤੇਰੇ ਨੂੰ ਘਾਹ ਦਾ ਟੋਕਰਾ,**
**ਤੈਨੂੰ ਪੰਜ ਪਰਸ਼ਾਦੇ।**
**ਨਿੰਮ ਹੇਠ ਕੱਤਦੀ ਦੀ,**
**ਮੇਰੀ ਗੂੰਜ ਸੁਣੇ ਦਰਵਾਜ਼ੇ।**

ਦਰਵਾਜ਼ਿਆਂ ਦੀ ਐਨੀ ਮਾਨਤਾ ਹੁੰਦੀ ਸੀ ਕਿ ਕੁੜੀਆਂ ਵਿਛਾਈਆਂ, ਝੋਲਿਆਂ, ਸਿਰਹਾਣਿਆਂ ਤੇ ਦਰਵਾਜ਼ਿਆਂ ਦੀ ਕਢਾਈ ਕਰਦੀਆਂ ਹੁੰਦੀਆਂ ਸਨ-

**ਕੱਢਣਾ ਦਿੱਲੀ ਦਰਵਾਜ਼ਾ,**
**ਪੱਚੀਆਂ ਦੀ ਲਿਆ ਦੇ ਲੋਗੜੀ।**

ਪਹਿਲੇ ਸਮਿਆਂ ਵਿਚ ਪਿੰਡਾਂ ਤੇ ਸ਼ਹਿਰਾਂ ਦੀ ਸਾਰੀ ਆਬਾਦੀ ਇਨ੍ਹਾਂ ਦਰਵਾਜ਼ਿਆਂ ਦੇ ਅੰਦਰ ਰਹਿੰਦੀ ਹੁੰਦੀ ਸੀ। ਹੁਣ ਬਹੁਤੀ ਆਬਾਦੀ ਇਨ੍ਹਾਂ ਦਰਵਾਜ਼ਿਆਂ ਤੋਂ ਬਾਹਰ ਰਹਿੰਦੀ ਹੈ। ਸ਼ਹਿਰਾਂ ਵਿਚਲੇ ਬਹੁਤੇ ਦਰਵਾਜ਼ੇ ਤਾਂ ਸੜਕਾਂ ਖੁੱਲ੍ਹੀਆਂ ਕਰਨ ਲਈ ਢਾਹ ਦਿੱਤੇ ਗਏ ਹਨ।

ਬਹੁਤੇ ਪਿੰਡਾਂ ਵਿਚ ਅਜੇ ਵੀ ਇਹ ਦਰਵਾਜ਼ੇ ਕਾਇਮ ਹਨ ਪਰ ਹੁਣ ਲੋਕਾਂ ਕੋਲ ਇਨ੍ਹਾਂ ਦਰਵਾਜ਼ਿਆਂ ਵਿਚ ਬੈਠਣ ਲਈ ਵਿਹਲ ਨਹੀਂ ਹੈ। ਹੁਣ ਇਨ੍ਹਾਂ ਦਰਵਾਜ਼ਿਆਂ ਵਿਚ ਪਹਿਲਾਂ ਵਾਲੀਆਂ ਰੌਣਕਾਂ ਨਹੀਂ ਹਨ। ਇਹ ਦਰਵਾਜ਼ੇ ਸਾਡੇ ਸੱਭਿਆਚਾਰ ਦਾ ਚਿੰਨ੍ਹ ਹਨ, ਜੋ ਹੌਲੀ-ਹੌਲੀ ਅਲੋਪ ਹੁੰਦੇ ਜਾ ਰਹੇ ਹਨ।

---

**ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ**



## ਕੀ ਤੁਹਾਨੂੰ ਪਤਾ ਹੈ
## ਸਾਡਾ ਪੰਜਾਬੀ ਵਿਰਸਾ

**002**

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. 'ਦੋੜਾ' ਉਸ ਖੇਸ ਨੂੰ ਕਹਿੰਦੇ ਹਨ ਜਿਸ ਨਾਲ ਪੁਰਾਣੇ ਸਮੇਂ ਵਿਚ ਪੰਡਾ ਬੰਨਣ ਦਾ ਕੰਮ ਲਿਆ ਜਾਂਦਾ ਸੀ।



02. ਆਮ ਤੌਰ ਤੇ ਘੋਟਨਾ ਨਿੰਮ ਦੀ ਲੱਕੜ ਦਾ ਬਣਾਇਆ ਜਾਂਦਾ ਹੈ।
03. 'ਨੇਹੀ' ਉਸ ਚੀਜ਼ ਨੂੰ ਕਹਿੰਦੇ ਹਨ ਜਿਸ ਉੱਪਰ ਚਾਟੀ ਰੱਖ ਕੇ ਲੱਸੀ ਰਿੜਕੀ ਜਾਂਦੀ ਹੈ।
04. ਦੁਪਿਹਰ ਦੀ ਰੋਟੀ ਖੇਤ ਨੂੰ ਲੈ ਕੇ ਜਾਣ ਨੂੰ 'ਭੱਤਾ' ਲੈ ਕੇ ਜਾਣਾ ਕਿਹਾ ਜਾਦਾ ਹੈ।
05. ਕੋਈ ਮਸ਼ੀਨਰੀ ਥੋੜੀ ਚੱਲਣ ਤੋਂ ਬਾਅਦ ਰੈਲੀ ਹੋ ਕੇ ਚੱਲਣ ਲੱਗ ਪੈਦੀ ਹੈ ਤਾਂ ਉਸ ਨੂੰ 'ਰਵਾ' ਹੋ ਜਾਣਾ ਆਖਦੇ ਹਨ।
06. ਘਾਹ ਖੋਤਣ ਵਾਲੇ ਵਿਅਕਤੀ ਨੂੰ 'ਘਾਹੀ' ਕਹਿੰਦੇ ਹਨ।
07. ਬੀਜੀ ਹੋਈ ਫ਼ਸਲ ਦੇ ਬਾਰਸ਼ ਕਾਰਨ ਸਖ਼ਤ ਹੋ ਜਾਣ ਨੂੰ 'ਕਰੰਡ' ਕਿਹਾ ਜਾਦਾ ਹੈ।
08. ਛੱਲੀ ਆਦਿ ਅਨਾਜ ਦੇ ਦਾਣੇ ਗੁੱਲ ਨਾਲੋਂ ਲਾਉਣ ਨੂੰ 'ਉੱਘਾਰਨਾ' ਕਿਹਾ ਜਾਦਾ ਹੈ।



09. ਸਿਰ ਉੱਪਰ ਪਾਉਣ ਵਾਲੇ ਗਹਿਣੇ ਨੂੰ 'ਸੱਗੀ ਫੁਲ' ਕਹਿੰਦੇ ਹਨ।
10. ਪੈਰਾਂ ਵਿਚ ਪਹਿਣੇ ਜਾਣ ਵਾਲੇ ਪੁਰਾਤਨ ਗਹਿਣੇ ਝਾਂਜਰਾਂ, ਪੰਜੇਬਾ, ਬਿਛੂਏ ਅਤੇ ਪਟੜੀਆਂ ਹਨ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ

E-mail: mehakwattandi@rediffmail.com, Help Line: (+91)-9988-92-9988

Wish You A happy diwali
Remedy'sRx
City Centre Apothecary
Jasbir Rajput
BScPhm
Pharmacist Owner
T: 905-232-3320
F: 905-232-3321
Pharmacy Hours
Monday - Friday : 9am - 8pm
Saturday : 9am - 4pm
Sunday : Closed
citycentre@remedysrx.ca
www.remedys.ca
4175 Confederation Parkway, Units 1-2
Mississauga, ON L5B 0H1
SQUARE ONE MEDICAL
4175 Confederation Parkway
Units 1 & 2
Mississauga, ON L5B 0H1
T: 905-848-4880
F: 905-848-4882
Giselle Seron M.D., C.C.F.P.
Payam Sadro M.D., C.C.F.P.
Aneil Bhandari M.D., C.C.F.P.
Sofia Qureshi M.D., C.C.F.P.

Scanned with CamScanner

# ਬੋਤਾ ਬੰਨ੍ਹ ਅੰਬੀਆਂ ਦੀ ਛਾਂਵੇਂ



ਪੰਜਾਬੀ ਵਿਰਸੇ, ਸੰਸਕ੍ਰਿਤੀ, ਸੱਭਿਆਚਾਰ ਦੀ ਗੱਲ ਕਰਦਿਆਂ ਸਿਰਫ਼ ਪੰਜਾਬੀ ਲੋਕ ਪਹਿਰਾਵਾ ਖਾਣ ਪੀਣ, ਰੀਤੀ ਰਿਵਾਜ, ਲੋਕ ਗੀਤ, ਲੋਕ-ਨਾਚ, ਧਰਮ, ਵਿਸ਼ਵਾਸ, ਸੰਦ-ਸੰਦੇੜੇ ਆਦਿ ਹੀ ਨਹੀਂ ਸਗੋਂ ਹੋਰ ਵੀ ਬਹੁਤ ਕੁਝ ਸਾਡੇ ਮਨ ਅਤੇ ਅੱਖਾਂ ਅੱਗੇ ਘੁੰਮਣ ਲੱਗ ਜਾਂਦਾ ਹੈ। ਜਿਸ ਵਿੱਚ ਪਸ਼ੂ ਪਾਲਣ ਵੀ ਸ਼ਾਮਲ ਹੈ। ਪਸ਼ੂ ਪਾਲਣ ਮਨੁੱਖੀ ਸੱਭਿਆਚਾਰ ਦਾ ਇੱਕ ਅੰਗ ਰਿਹਾ ਹੈ ਤੇ ਪੁਰਾਤਨ ਪੰਜਾਬ ਦੇ ਸੰਦਰਭ ਵਿੱਚ ਪਸ਼ੂ ਪਾਲਣ ਦਾ ਮਹੱਤਵ ਕੇਵਲ ਖੇਤੀ ਜਾਂ ਫਿਰ ਇੰਜ ਕਹਿ ਲਈਏ ਕਿ ਹੱਲ ਵਾਹੁਣ ਜਾਂ ਦੁੱਧ ਆਦਿ ਦੀ ਪ੍ਰਾਪਤੀ ਲਈ ਹੀ ਨਹੀਂ ਸਗੋਂ ਆਵਾਜਾਈ ਜਾਂ ਸਫਰ ਅਤੇ ਢੋਆ ਢੁਆਈ ਲਈ ਵੀ ਬਹੁਤ ਸੀ। ਪੰਜਾਬੀ ਜਨ ਜੀਵਨ ਵਿੱਚ ਬਲਦਾਂ, ਘੋੜੇ, ਘੋੜੀਆਂ ਤੇ ਊਠ ਆਦਿ ਨੂੰ ਆਵਾਜਾਈ, ਸਫਰ ਜਾਂ ਢੋਆ ਢੁਆਈ ਹਿੱਤ ਪ੍ਰਯੋਗ ਵਿੱਚ ਲਿਆਇਆ ਜਾਂਦਾ ਰਿਹਾ ਹੈ। ਪਸ਼ੂਆਂ ਵਿੱਚੋਂ ਊਠ ਇੱਕ ਅਜਿਹਾ ਜਾਨਵਰ ਹੈ ਜਿਸ ਦਾ ਪੰਜਾਬੀ ਜਨ ਜੀਵਨ ਵਿੱਚ ਆਰਥਿਕ ਪੱਖੋਂ ਹੀ ਨਹੀਂ ਸਗੋਂ ਸਮਾਜਿਕ ਵੀ ਮਹੱਤਵ ਬਹੁਤ ਹੈ। ਊਠ ਪ੍ਰਾਚੀਨ ਸਮੇਂ ਤੋਂ ਹੀ ਪੰਜਾਬੀ ਜਨ ਜੀਵਨ ਦੇ ਅਤਿ ਨੇੜੇ ਦਾ ਸਾਥੀ ਰਿਹਾ ਹੈ। ਊਠ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਪੰਜਾਬੀ ਵਿੱਚ ਇਸ ਨੂੰ ਊਠ ਕਹਿ ਦਿੱਤਾ ਜਾਂਦਾ ਹੈ। ਮਾਲਵੇ ਵਿੱਚ ਬੋਤਾ ਅਜਿਹਾ ਸ਼ਬਦ ਹੈ ਜੋ ਊਠ ਲਈ ਵਰਤਿਆ ਜਾਂਦਾ ਹੈ ਅਤੇ ਵਧੇਰੇ ਕਰਕੇ ਇਹ ਸ਼ਬਦ ਪੰਜਾਬੀਆਂ ਅੰਦਰ ਪ੍ਰਚੱਲਤ ਤੇ ਹਰਮਨ ਪਿਆਰਾ ਹੋ ਗਿਆ। ਊਠਣੀ, ਬੋਤੀ, ਡਾਚੀ ਆਦਿ ਸ਼ਬਦ ਊਠ ਜਾਂ ਬੋਤੇ ਦੇ ਇਸਤਰੀ ਲਿੰਗ ਲਈ ਵਰਤੇ ਜਾਂਦੇ ਹਨ। ਹਾਸ਼ਮ ਕਿੱਸਾ 'ਸੱਸੀ ਪੁਨੂੰ' ਵਿੱਚ ਡਾਚੀ ਸ਼ਬਦ ਵਰਤਦਾ ਹੈ-

**ਜਿਸ ਡਾਚੀ ਮੇਰਾ ਪੁਨੂੰ ਚੜ੍ਹਿਆ,**
**ਮਰ ਦੋਜਖ ਵੱਲ ਜਾਵੇ**

ਊਠ ਜਾਂ ਬੋਤਾ ਇੱਕ ਅਜਿਹਾ ਜਾਨਵਰ ਹੈ ਜੋ ਕਾਫ਼ੀ ਲੰਬੇ ਸਮੇਂ ਤੋਂ ਜਾਂ ਇੰਜ ਕਹਿ ਲਈਏ ਕਿ ਹਜ਼ਾਰਾਂ ਸਾਲਾਂ ਤੋਂ ਜੀਵਨ ਲਈ ਸੰਘਰਸ਼ ਕਰਦਾ ਆ ਰਿਹਾ ਹੈ ਅਤੇ ਆਪਣੀ ਹੋਂਦ ਨੂੰ ਬਣਾਈ ਰੱਖਣ ਵਿੱਚ ਸਫ਼ਲ ਰਿਹਾ ਹੈ। ਝਾੜੀਆਂ, ਦਰੱਖਤਾਂ ਦੇ ਪੱਤੇ, ਕਿੱਕਰਾਂ ਦੀ ਲੁੰਗ ਆਦਿ ਖਾ ਕੇ ਗੁਜ਼ਾਰਾ ਕਰ ਲੈਣ ਵਾਲਾ ਇਹ ਜੀਵ ਜਟਿਲ ਜੀਵਨ ਹਾਲਤਾਂ ਵਿੱਚ ਵੀ ਆਪਣੇ ਆਪ ਨੂੰ ਜਿਊਂਦਾ ਰੱਖ ਲੈਂਦਾ ਹੈ ਅਤੇ ਪਾਣੀ ਤੇ ਭੋਜਨ ਤੋਂ ਬਿਨਾਂ ਵੀ ਕਈ ਦਿਨ ਜਿਊਂਦਾ ਰਹਿ ਸਕਦਾ ਹੈ।

ਪੁਰਾਤਨ ਪੰਜਾਬ ਵਿੱਚ ਬੋਤਾ ਮਾਨਵੀ ਜੀਵਨ ਚੱਕਰ ਵਿੱਚ ਅਹਿਮ-ਥਾਂ ਰੱਖਦਾ ਸੀ। ਇਸ ਦੀ ਮਹੱਤਤਾ ਹੋਰ ਪਸ਼ੂਆਂ ਜੋ ਖੇਤੀਬਾੜੀ ਵਿੱਚ ਕੰਮ ਆਉਂਦੇ ਸਨ ਉਨ੍ਹਾਂ ਤੋਂ ਘੱਟ ਨਹੀਂ ਸੀ। ਬਲਦ, ਘੋੜੇ, ਘੋੜੀਆਂ ਆਦਿ ਦੇ ਨਾਲ ਨਾਲ ਬੋਤਾ ਜਾਂ ਬੋਤੀ ਵੀ ਪੰਜਾਬੀ ਲੋਕਾਂ ਦੀ ਖੁੱਲ• ਦਿਲੀ ਅਤੇ ਸ਼ਾਨ ਦੀ ਨਿਸ਼ਾਨੀ ਰਿਹਾ ਹੈ। ਹਲ਼ ਵਾਹੁਣ ਖੂਹ ਗੇੜਨ ਦਾ ਕੰਮ ਜਿੱਥੇ ਬਲਦਾਂ ਤੋਂ ਲਿਆ ਜਾਂਦਾ ਰਿਹਾ ਉੱਥੇ ਬੋਤੇ-ਬੋਤੀਆਂ ਵੀ ਇਸ ਕੰਮ ਵਿੱਚ ਸਮਾਨ ਰੂਪ ਵਿੱਚ ਵਰਤੇ ਜਾਂਦੇ ਰਹੇ। ਜਿੱਥੇ ਬਲਦ ਹਲ਼ ਵਾਹੁਣ ਵਿੱਚ ਵਰਤੇ ਜਾਂਦੇ ਉੱਥੇ ਵਧੇਰੇ ਕਰਕੇ ਬੋਤਾ ਜਾਂ ਬੋਤੀ ਖੂਹ ਗੇੜਨ ਦੇ ਕੰਮ ਵਿੱਚ ਵਰਤੇ ਜਾਂਦੇ ਹਨ ਕਿਉਂਕਿ ਇਹ ਬਲਦਾਂ ਦੇ ਮੁਕਾਬਲੇ ਵਧੇਰੇ ਤਾਕਤਵਰ ਤੇ ਭੁੱਖ ਪਿਆਸ ਸਹਿ ਲੈਣ ਵਾਲਾ ਜੀਵ ਹੈ। ਪੰਜਾਬ ਦੇ ਕਈ ਹਿੱਸਿਆਂ ਵਿੱਚ ਇਸ ਤੋਂ ਹਲ਼ ਵਾਹੁਣ ਦਾ ਕੰਮ ਵੀ ਲਿਆ ਜਾਂਦਾ ਹੈ। ਅਜਿਹਾ ਵਧੇਰੇ ਕਰਕੇ ਰੇਤੀਲੇ ਇਲਾਕਿਆਂ ਵਿੱਚ ਹੁੰਦਾ ਸੀ। ਕੋਈ ਜੱਟ ਜਦੋਂ ਰੇਤਲੇ ਟਿੱਬਿਆਂ ਨੂੰ ਵਾਹ ਕੇ ਮੈਦਾਨ ਕਰਨ ਲਈ ਬੋਤਾ ਜੋੜ ਕੇ ਚਲਦਾ ਤਾਂ ਇਹ ਆਮ ਕਰਕੇ ਗਾਇਆ ਜਾਂਦਾ :

**ਜੱਟ ਜੋੜ ਕੇ ਬਾਗੜੀ ਬੋਤਾ**
**ਟਿੱਬਿਆਂ ਨੂੰ ਵਾਹੁਣ ਚੱਲਿਆ**

ਪੁਰਾਤਨ ਪੰਜਾਬ ਅੰਦਰ ਬੋਤਾ ਪੰਜਾਬੀਆਂ ਦੀਆਂ ਖ਼ੁਸ਼ੀਆਂ ਆਦਿ ਵਿੱਚ ਵਿਸ਼ੇਸ਼ ਰੂਪ ਵਿੱਚ ਸ਼ਾਮਲ ਕੀਤਾ ਜਾਂਦਾ। ਬੋਤੇ ਅਤੇ ਬੋਤੀਆਂ ਜੰਞ ਚੜ੍ਹਨ ਵੇਲੇ ਚਾਅ ਨਾਲ ਸ਼ਿੰਗਾਰੇ ਜਾਂਦੇ। ਬੋਤੇ ਦੀ ਮੁਹਾਰ, ਕਾਠੀ ਆਦਿ 'ਤੇ ਪਿੱਤਲ ਦੇ ਕੋਕੇ ਜੜੇ ਜਾਂਦੇ। ਲੋਗੜੀ ਦੇ ਫੁੱਲ ਲਾਏ ਜਾਂਦੇ ਕੋਡੀਆਂ। ਆਦਿ ਲਾ ਕੇ ਇਨ੍ਹਾਂ ਨੂੰ ਖ਼ੂਬ ਸ਼ਿੰਗਾਰਿਆ ਜਾਂਦਾ। ਬੋਤੀ ਦੇ ਪੈਰੀਂ ਝਾਂਜਰਾਂ ਪਾਈਆਂ ਜਾਂਦੀਆਂ। ਇਸ ਤਰ੍ਹਾਂ ਇਸ ਜਾਨਵਰ ਨੂੰ ਰੀਝ ਨਾਲ ਸ਼ਿੰਗਾਰ ਕੇ ਵਿਆਹਾਂ ਮੇਲਿਆਂ, ਰਿਸ਼ਤੇਦਾਰੀਆਂ ਆਦਿ ਵਿੱਚ ਮਾਣ ਨਾਲ ਢੁਕਿਆ ਜਾਂਦਾ ਤੇ ਉਹ ਜਲੌਅ ਬੜੇ ਮਨਮੋਹਕ ਤੇ ਵੇਖਣ ਵਾਲੇ ਹੁੰਦੇ। ਕੋਈ ਪੰਜਾਬੀ ਗੱਭਰੂ ਜਦੋਂ ਆਪਣੀ ਘਰਵਾਲੀ ਨੂੰ ਬੋਤੇ 'ਤੇ ਬਿਠਾ ਕੇ ਤੁਰਦਾ ਤਾਂ ਉਹ ਤੇਜ਼ ਰਫ਼ਤਾਰ ਤੋਂ ਡਰਦੀ ਆਖਦੀ:

**ਬੋਤਾ ਹੋਲੀ ਤੋਰ ਮਿੱਤਰਾ**
**ਮੇਰਾ ਨਰਮ ਕਾਲਜਾ ਧੜਕੇ**

ਇਸੇ ਤਰ੍ਹਾਂ ਜਦੋਂ ਕੋਈ ਗੱਭਰੂ ਆਪਣੀ ਮੁਟਿਆਰ ਘਰਵਾਲੀ ਦੇ ਪੇਕੇ ਪਿੰਡ ਨੇੜਿਓਂ ਉਸਨੂੰ ਬੋਤੇ 'ਤੇ ਬਿਠਾਕੇ ਲੰਘਦਾ ਤਾਂ ਉਹ ਉਸ ਕੋਲ ਆਪਣੀ ਮਾਂ ਨੂੰ ਮਿਲ ਚਲਣ ਲਈ ਆਖਦੀ ਹੋਈ ਕਹਿੰਦੀ:

**ਬੋਤਾ ਬੰਨ੍ਹ ਅੰਬੀਆਂ ਦੀ ਛਾਵੇਂ**
**ਬੇਬੇ ਜੀ ਨੂੰ ਮਿਲ ਚਲੀਏ**

ਪੰਜਾਬੀ ਪ੍ਰਾਹੁਣਚਾਰੀ ਦੇ ਸੰਦਰਭ ਵਿੱਚ ਪੰਜਾਬ ਦੀਆਂ ਲੋਕ ਬੋਲੀਆਂ, ਗੀਤਾਂ, ਟੱਪਿਆਂ ਆਦਿ ਵਿੱਚ ਵੀ ਬੋਤੇ ਦਾ ਵਿਸ਼ੇਸ਼ ਕਰਕੇ ਜ਼ਿਕਰ ਹੁੰਦਾ ਰਿਹਾ ਹੈ। ਖ਼ਾਸਕਰ ਮਾਲਵੇ ਦੇ ਲੋਕ ਕਾਵਿ ਵਿੱਚ ਬੋਤਾ ਬੜਾ ਅਹਿਮ ਸਥਾਨ ਰੱਖਦਾ ਹੈ:

**ਆ ਵੇ ਨਾਜਰਾ ਬਹਿ ਵੇ ਨਾਜਰਾ,**
**ਬੋਤਾ ਬੰਨ• ਦਰਵਾਜ਼ੇ,**
**ਬੋਤੇ ਤੇਰੇ ਨੂੰ ਘਾਹ ਦਾ ਟੋਕਰਾ,**
**ਤੈਨੂੰ ਦੋ ਪਰਸ਼ਾਦੇ,**
**ਗਿੱਧੇ ਵਿੱਚ ਨੱਚਦੀ ਦੀ**
**ਮੇਰੀ ਧਮਕ ਪਏ ਦਰਵਾਜ਼ੇ**

ਵੀਰ ਮੇਰਾ ਸੁਨਿਆਰੇ ਦਾ ਸਾਖੀ
ਉਥੇ ਲਿਆਵਾ ਮੈਂ ਛੱਜ ਭਰ ਗਹਿਣੇ।
ਤੂੰ ਲੈ ਮੇਰੀ ਸਾਂਝੀ
ਛੱਜ ਭਰ ਗਹਿਣੇ।

ਪੁਰਾਣੇ ਸਮਿਆਂ ਵਿੱਚ ਜਿੱਥੇ ਲੱਕੜ ਕਾਠ ਦੀ ਚੋਰੀ ਆਮ ਸੀ ਉੱਥੇ ਹੀ ਮਾਲ ਡੰਗਰ ਦੀ ਚੋਰੀ ਵੀ ਆਮ ਗੱਲ ਸੀ। ਇਸ ਵਿੱਚ ਮੱਝ, ਗਾਂ, ਬੱਕਰੀ ਘੋੜੀ ਆਦਿ ਦੇ ਨਾਲ-ਨਾਲ ਬੋਤੇ ਦੀ ਵੀ ਚੋਰੀ ਸੀ ਜੋ ਬੜੀ ਸਫ਼ਾਈ ਨਾਲ ਕੀਤੀ ਜਾਂਦੀ ਤੇ ਇਸ ਤਰ੍ਹਾਂ ਦੀ ਚੋਰੀ ਕਰਨਾ ਬੜੀ ਮਾਣ ਵਾਲੀ ਗੱਲ ਸਮਝਿਆ ਜਾਂਦਾ ਸੀ। ਇਸ ਬਾਰੇ ਪੰਜਾਬੀ ਲੋਕ ਕਾਵਿ ਵਿੱਚ ਵੀ ਸੰਕੇਤ ਪ੍ਰਾਪਤ ਹੁੰਦੇ ਹਨ। ਮਲਵਈ ਬੋਲੀਆਂ ਵਿੱਚ ਇੱਕ ਬੋਲੀ ਬੜੀ ਹਰਮਨ ਪਿਆਰੀ ਕਹੀ ਜਾ ਸਕਦੀ ਹੈ:

**ਗਲੀ ਗਲੀ ਵਣਜਾਰਾ ਫਿਰਦਾ**
**ਲੱਪ ਕੁ ਸੁਰਮਾ ਲੋਰੀ ਦਾ**
**ਭਰੀ ਸਲਾਈ ਨੈਣੀ ਪਾ ਕੇ**
**ਨੈਣਾਂ ਦਾ ਦੁੱਖ ਤੋੜੀ ਦਾ**
**ਫੁੱਲਾਂ ਨਾਲ ਸ਼ਿੰਗਾਰਿਆ ਗੱਡਾ,**
**ਹੋਲ਼ੀ-ਹੋਲ਼ੀ ਤੋਰੀ ਦਾ,**
**ਮੈਂ ਨਾ ਜ਼ਾਲਮਾ ਬਹਿੰਦੀ**
**ਵੇ ਬੋਤਾ ਚੋਰੀ ਦਾ**

ਊਠ ਜਾਂ ਬੋਤੇ ਦੀ ਬਦੀ ਬੜੀ ਮਾੜੀ ਮੰਨੀ ਜਾਂਦੀ ਹੈ। ਸੁਣਿਆ ਜਾਂਦਾ ਹੈ ਕਿ ਇਹ ਜੇ ਕਿਸੇ ਦੇ ਵੈਰ ਪੈ ਜਾਵੇ ਤਾਂ ਇਹ ਖੋਰ ਨਹੀਂ ਛੱਡਦਾ। ਇਸ ਦੀ ਯਾਦਦਾਸ਼ਤ ਬੜੀ ਤੇਜ਼ ਹੁੰਦੀ ਹੈ। ਬੋਤਾ ਜੋ ਪੰਜਾਬ ਵਿੱਚ ਅਹਿਮ ਥਾਂ ਰੱਖਦਾ ਹੈ ਤੇ ਲਗਪਗ ਹਰ ਸਰਦੇ ਪੁੱਜਦੇ ਘਰ ਦੀ ਸ਼ਾਨ ਹੁੰਦਾ ਸੀ। ਕਿਸੇ ਘਰ ਪਰਿਵਾਰ ਵਿੱਚ ਜਦੋਂ ਕੋਈ ਮਨ ਮੁਟਾਵ ਹੁੰਦਾ ਤਾਂ ਧੀ ਆਪਣੇ ਬਾਪੂ ਨੂੰ ਅੱਡ ਹੋਣ ਦਾ ਸੁਨੇਹਾ ਦਿੰਦੀ ਅਤੇ ਅੱਡ ਹੋਣ 'ਤੇ ਉਸਨੂੰ ਜੋ ਚੀਜ਼ਾਂ ਪਸੰਦ ਸਨ ਉਨ੍ਹਾਂ ਨੂੰ ਬਟਵਾਰੇ ਵਿੱਚ ਲੈ ਦੇਣ ਨੂੰ ਕਹਿੰਦੀ। ਇਸ ਬਾਰੇ ਜਗਮੋਹਨ ਕੌਰ ਦਾ ਇੱਕ ਗੀਤ ਵੀ ਬੜਾ ਮਸ਼ਹੂਰ ਹੋਇਆ ਸੀ:

**ਬਾਪੂ ਵੇ ਅੱਡ ਹੁੰਨੀ ਆਂ**
**ਗੈਂ ਲੈ ਦੇ ਇੱਕ ਮੈਂਹਿ ਲੈ ਦੇ**
**ਦੋ ਬਲਦ ਟੱਲੀਆਂ ਵਾਲੇ**
**ਬੋਤੀ ਲੈ ਦੇ ਝਾਂਜਰਾਂ ਵਾਲੀ ਵੇ**
**ਅੱਡ ਹੁੰਨੀ ਆਂ**

ਇਸ ਤਰ੍ਹਾਂ ਦੇ ਪੰਜਾਬੀ ਜਨ ਮਾਨਸ ਦੇ ਜੀਵਨ ਵੀ ਤਸਵੀਰ ਪੇਸ਼ ਕਰਦੇ ਗੀਤਾਂ, ਲੋਕ ਬੋਲੀਆਂ, ਟੱਪਿਆਂ ਆਦਿ ਵਿੱਚ ਬੋਤਾ ਇੱਕ ਖ਼ਾਸ ਥਾਂ ਰੱਖਦਾ ਹੈ। ਇਹ ਜਿੱਥੇ ਪੁਰਾਣੇ ਸਮਿਆਂ ਵਿੱਚ ਕਈ ਤਰ੍ਹਾਂ ਦੇ ਕੰਮਾਂ ਕਾਰਾਂ ਵਿੱਚ ਵਰਤਿਆ ਜਾਂਦਾ ਰਿਹਾ ਉੱਥੇ ਯੁੱਧਾਂ, ਜੰਗਾਂ ਵਿੱਚ ਵੀ ਇਸ ਦੀ ਵਰਤੋਂ ਹੁੰਦੀ ਰਹੀ। ਅਜੋਕੇ ਸਮੇਂ ਪੰਜਾਬ ਦੇ ਕਈ ਇਲਾਕਿਆਂ ਵਿੱਚ ਇਸ ਨੂੰ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ। ਅੱਜ ਪੰਜਾਬ ਵਿੱਚ ਇਸ ਦੀ ਤਾਦਾਦ ਘਟਦੀ ਜਾ ਰਹੀ ਹੈ। ਹੁਣ ਸਿਰਫ਼ ਮਾਲਵੇ ਵਿੱਚ ਹੀ ਵਧੇਰੇ ਕਰਕੇ ਰਤੀਲੇ ਇਲਾਕਿਆਂ ਵਿੱਚ ਇਹ ਜੀਵ ਵੇਖਣ ਨੂੰ ਮਿਲਦਾ ਹੈ। ਅੱਜ ਨਾ ਤਾਂ ਕਿਸੇ ਨੂੰ ਬੋਤੇ ਵਰਗੇ ਜਾਨਵਰ ਨੂੰ ਰੱਖਣ ਦਾ ਸ਼ੌਕ ਹੈ ਅਤੇ ਨਾ ਹੀ ਸਫਰ ਲਈ ਇਸ ਦੀ ਸਵਾਰੀ ਵਾਸਤੇ ਸਮਾਂ ਹੈ। ਅੱਜ ਮਸ਼ੀਨੀ ਯੁੱਗ ਅਤੇ ਤੇਜ਼ ਰਫ਼ਤਾਰ ਆਵਾਜਾਈ ਦੇ ਸਾਧਨਾਂ ਨੇ ਇਨ੍ਹਾਂ ਜਾਨਵਰਾਂ ਤੇ ਇਨਸਾਨ ਵਿਚਲੇ ਸਬੰਧਾਂ ਵਿੱਚ ਪਾੜਾ ਪਾ ਦਿੱਤਾ ਹੈ, ਪਰ ਸੱਚ ਤਾਂ ਇਹ ਹੈ ਕਿ ਊਠ ਜਾਂ ਬੋਤਾ ਸਿਰਫ਼ ਕੰਮਾਂ-ਕਾਰਾਂ ਲਈ ਉਪਯੋਗੀ ਜੀਵ ਹੀ ਨਹੀਂ ਸਗੋਂ ਸਾਡੇ ਪੰਜਾਬੀ ਸੱਭਿਆਚਾਰ ਸੰਸਕ੍ਰਿਤੀ ਅਤੇ ਵਿਰਸੇ ਦਾ ਸ਼ਿੰਗਾਰ ਵੀ ਰਿਹਾ ਹੈ। ਪੰਜਾਬ ਨਾਲ ਇਸ ਦਾ ਰਿਸ਼ਤਾ ਜਿੰਨਾ ਪੁਰਾਣਾ ਰਿਹਾ ਹੈ ਉਨਾ ਹੀ ਗਹਿਰਾ ਵੀ।


**ਲਖਬੀਰ ਸਿੰਘ ਦੌਦਪੁਰ**




Scanned with CamScanner




# ਦੁਪੱਟਾ ਔਰਤ ਦੇ ਸਿਰ ਦਾ ਤਾਜ



ਦੁਪੱਟਾ ਸਦੀਆਂ ਤੋਂ ਸਾਡੇ ਪੰਜਾਬੀ ਸੱਭਿਆਚਾਰ ਵਿੱਚ ਔਰਤ ਦੇ ਸਿਰ ਦਾ ਤਾਜ ਤੇ ਅਨਮੋਲ ਗਹਿਣਾ ਮੰਨਿਆ ਜਾਦਾ ਹੈ। ਜਿਵੇ ਦੁਪੱਟੇ (ਚੁੰਨੀ) ਅਤੇ ਪੱਗ ਤੇ ਇਹ ਸਤਰਾ ਬਿਲਕੁਲ ਢੁੱਕਦੀਆਂ ਹਨ -

**ਚਾਰ ਚੰਨ ਲੱਗ ਜਾਣ ਕੁੜੀਏ,**<br>
**ਜੇ ਰੱਖੇ ਸਿਰ ਨੂੰ ਦੁਪੱਟੇ ਨਾਲ ਢੱਕ ਕੇ।**<br>
**ਲੱਗੇ ਇਹਦੇ ਬਿਨਾ ਫਿੱਕਾ ਤੇਰਾ ਰੂਪ ਨੀ,**<br>
**ਉਞੰ ਰਹਿ ਭਾਵੇਂ ਪੂਰੀ ਤਰ੍ਹਾਂ ਫੱਬ ਕੇ।**

**ਦੁਪੱਟਾ ਸ਼ੁਰੂ ਤੋਂ ਗੱਲ ਕਰੇ ਅਣਖਾਂ ਦੀ,**<br>
**ਰੱਖਦਾ ਆਇਆ ਏ ਤੇਰੀ ਲੱਜ ਨੀ।**<br>
**ਪੰਜਾਬਣੇ ਦੁਪੱਟਾ ਤੇਰੀ ਸ਼ਾਨ ਏ,**<br>
**ਸ਼ਾਨ ਹੁੰਦੀ ਸਰਦਾਰਾ ਲਈ ਪੱਗ ਨੀ।**

ਅੱਜ ਵੀ ਚੁੰਨੀ ਨਾਲ ਜੁੜਿਆ ਇੱਕ-ਇੱਕ ਸ਼ਬਦ ਇੱਕ ਔਰਤ ਦੀ ਸ਼ਖਸੀਅਤ ਬਿਆਨ ਕਰਦਾ ਹੈ। ਜਿਵੇਂ ਸਾਦਾ ਆਮ ਥੋੜ੍ਹਾ ਫੈਨਸੀ ਦੁਪੱਟਾ ਕੁਵਾਰੀਆ ਕੁੜੀਆਂ ਲੈਦੀਆ ਹਨ। ਲਾਲ ਸੂਹੀ ਫੁਲਕਾਰੀ ਸੁਹਾਗਣਾ ਦੀ ਨਿਸ਼ਾਨੀ ਮੰਨੀ ਜਾਦੀ ਹੈ ਅਤੇ ਚਿੱਟਾ ਦੁੱਪਟਾ ਕਿਸੇ ਅਣਹੋਣੀ ਦਾ ਸੰਕੇਤ ਹੁੰਦਾ ਹੈ। ਪਰ ਅੱਜ ਦਾ ਯੁੱਗ ਇੰਨਾ ਕੁ ਜਿਆਦਾ ਫੈਸ਼ਨ ਪ੍ਰਸਤ ਹੋ ਗਿਆ ਹੈ ਕਿ ਹਰ ਲੜਕੀ ਆਪਣੇ ਆਪ ਨੂੰ ਫੈਸ਼ਨ ਦੀ ਮੂਹਰਲੀ ਕਤਾਰ ਵਿੱਚ ਖੜਾ ਵੇਖਣਾ ਚੁੰਹਦੀ ਹੈ।

ਖੈਰ! ਪੰਜੇ ਉਗਲਾਂ ਬਰਾਬਰ ਤਾਂ ਨਹੀਂ ਹੁੰਦੀਆ ਬਹੁਤ ਸਾਰੀਆਂ ਹਨ ਮੇਰੀਆ ਭੈਣਾਂ, ਬੇਟੀਆਂ ਮਾਤਾਵਾਂ ਜੋ ਅੱਜ ਵੀ ਦੁਪੱਟੇ ਨੂੰ ਬਹੁਤ ਅਹਿਮੀਅਤ ਦਿੰਦੀਆਂ ਹਨ। ਸਾਡੇ ਗੁਰੂ ਸਾਹਿਬਾਂ ਨੇ ਅਤੇ ਪੁਰਾਣੇ ਬਜ਼ੁਰਗਾਂ ਨੇ ਤਾਂ ਸਧਾਰਨ ਜ਼ਿੰਦਗੀ ਜਿਉਣ ਨੂੰ ਹੀ ਪਹਿਲ ਦਿੱਤੀ ਸੀ। ਪਰ ਅੱਜ ਦੀਆ ਲੜਕੀਆਂ ਤੇ ਪੱਛਮੀ ਸੱਭਿਆਚਾਰ ਇੰਨਾ ਕੁ ਹਾਵੀ ਹੋ ਗਿਆ ਹੈ ਕਿ ਉਹ ਆਪਣੇ ਵਿਰਸੇ ਨੂੰ ਹੀ ਭੁਲਦੀਆ ਜਾ ਰਹੀਆ ਹਨ। ਮੇਰੀਆਂ ਸਤਿਕਾਰ ਯੋਗ ਸਾਰੀਆ ਔਰਤਾਂ ਅਤੇ ਕੁੜੀਆ ਨੂੰ ਇੱਥੇ ਮੇਰਾ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਦੁਪੱਟਾ ਕੋਈ ਫਾਲਤੂ ਦੀ ਚੀਜ਼ ਨਹੀਂ ਹੈ। ਇਹ ਇੱਕ ਔਰਤ ਦੇ ਸਿਰ ਦਾ ਤਾਜ ਅਤੇ ਬਹੁਤ ਹੀ ਬੇਸ਼-ਕੀਮਤੀ ਅਨਮੋਲ ਗਹਿਣਾ ਹੈ। ਅੱਜ ਭਾਵੇਂ ਅਸੀਂ ਲੱਖ ਫੈਸ਼ਨ ਪ੍ਰਸਤ ਹੋ ਗਏ ਹਾਂ ਤੇ ਸਾਇਦ ਅੱਜ-ਕੱਲ• ਦੀਆਂ ਕੁੜੀਆਂ ਨੂੰ ਇਹ ਭੁਲੇਖਾ ਵੀ ਹੈ ਕਿ ਸਿਰ ਤੇ ਚੁੰਨੀ ਲੈਣ ਨਾਲ ਅਨਪੜਾ ਵਾਗੂੰ ਲੱਗਦਾ ਹੈ। ਕੀ ਸਾਡੀਆਂ ਮਾਤਾਵਾਂ, ਦਾਦੀਆ, ਪੜਦਾਦੀਆ ਸਿਰ ਤੇ ਦੁਪੱਟਾ ਨਹੀਂ ਸਨ ਲੈਦੀਆਂ? ਫਿਰ ਕੀ ਉਹ ਅਨਪੜ੍ਹ ਸਨ ਤੇ ਆਪਣਾ ਹੁਸਨ ਸਿਰ ਤੇ ਚੁੰਨੀ ਲੈਣ ਕਰਕੇ ਗਵਾ ਲੈਂਦੀਆ ਸਨ? ਬਿਲਕੁੱਲ ਨਹੀ! ਸਗੋਂ ਦੁਪੱਟੇ ਨਾਲ ਢਕਿਆ ਸਿਰ ਇੱਕ ਸਿਆਣੀ ਧੀ ਅਤੇ ਸੂਝਵਾਨ ਸੁਘੜ ਸਿਆਣੀ ਔਰਤ ਹੋਣ ਦੀ ਨਿਸ਼ਾਨੀ ਸਨ।

ਪਰਦੇ ਵਿੱਚ ਕੱਜਿਆ ਹੁਸਨ ਤੱਕਣ ਲਈ ਹਰ ਕੋਈ ਉਤਾਵਲਾ ਰਹਿੰਦਾ ਸੀ। ਜਿਵੇਂ-ਜਿਵੇਂ ਦੁਨੀਆਂ ਫੈਸ਼ਨ ਪ੍ਰਸਤ ਹੁੰਦੀ ਗਈ ਦੁਪੱਟੇ ਦੀ ਕਦਰ ਘੱਟਦੀ ਗਈ। ਪਹਿਲੋ ਪਹਿਲ ਦੁਪੱਟਾ ਔਰਤ ਨੇ ਮੁੱਖ ਤੋਂ ਸਰਕਾਇਆ, ਫਿਰ ਸਿਰ ਤੋਂ ਲਾਹ ਮੋਢਿਆ ਤੇ ਕਰ ਲਿਆ, ਫਿਰ ਇੱਕ ਮੋਢੇ ਤੇ ਜਾਣੀ ਸਾਈਡ ਦੁਪੱਟਾ ਹੋ ਗਿਆ ਤੇ ਅੱਜ-ਕੱਲ੍ਹ ਕੁੜੀਆਂ ਨੂੰ ਟੌਪ-ਜੀਨ ਪਾ ਦੁਪੱਟੇ ਦੀ ਜ਼ਰੂਰਤ ਹੀ ਨਹੀ ਪੈਦੀਂ। ਪਰ ਫਿਰ ਵੀ ਕਿਤੇ ਨਾ ਕਿਤੇ ਦੁਪੱਟਾ ਕੰਮ ਦੇ ਹੀ ਜਾਦਾ ਹੈ। (ਉਹ ਹੈ ਹਰ ਲੜਕੀ ਦੇ ਐਕਟਿਵਾ ਚਲਾਉਣ ਸਮੇਂ ਸੂਤੀ ਦੁਪੱਟੇ ਨਾਲ ਮੂੰਹ ਬੰਣਨਾ) ਪਰ ਜ਼ਰਾ ਸੋਚੋ ਤੰਗ ਅਤੇ ਭੜਕੀਲੇ ਪਹਿਰਾਵੇ ਦੇ ਮੁਕਾਬਲੇ ਜੇਕਰ ਇੱਕ ਔਰਤ ਕੇਸਕੀ ਸਜਾ ਕੇ ਜਾਂ ਪੰਜਾਬੀ ਸੂਟ ਪਾ ਕੇ ਸਿਰ ਚੁੰਨੀ ਨਾਲ ਢੱਕ ਕੇ ਸੜਕ ਤੇ ਜਾਅ ਰਹੀਂ ਹੋਵੇ ਤਾਂ ਮਾੜੀ ਤੱਕਣੀ ਅਤੇ ਘਟੀਆ ਸੋਚ ਵਾਲਾ ਬੰਦਾ ਵੀ ਨੀਵੀ ਪਾ ਕੇ ਲੰਘੇਗਾ ਅਤੇ ਤੁਸੀਂ ਵੀ ਆਪਣੇ ਆਪ ਵਿੱਚ ਕੰਨਫੇਟੇਬਲ ਅਤੇ ਸੁਰੱਖਸ਼ਿਤ ਮਹਿਸੂਸ ਕਰੋਗੇ। ਇਹ ਮੇਰਾ ਜ਼ਿੰਦਗੀ ਦਾ ਤਜ਼ਰਬਾ ਹੈ। ਸੋ ਭੈਣੋ ਤੰਗ ਅਤੇ ਭੜਕੀਲਾ ਪਹਿਰਾਵਾ ਹਮੇਸ਼ਾ ਉਕਸਾਉ ਅਤੇ ਭੱਦਾ ਲੱਗਦਾ ਹੈ। ਇਸ ਲਈ ਸਾਦੇ ਪਹਿਰਾਵੇ ਨੂੰ ਤਰਜੀਹ ਦਿਉਂ ਤਾਂ ਹੀ ਤੇ ਪੰਜਾਬੀ ਸੂਟ ਅਤੇ ਦੁਪੱਟਾ ਆਪਣੇ ਪੰਜਾਬੀ ਸੱਭਿਆਚਾਰ ਦੀ ਸ਼ਾਨ ਰਹੇ ਹਨ ਅਤੇ ਸਦਾ ਲਈ ਰਹਿਣਗੇ ਵੀ। ਜਿਵੇਂ ਕੁਝ ਕੁ ਸਤਰਾਂ ਪੱਗ ਅਤੇ ਦੁਪੱਟੇ ਲਈ ਲਿਖ ਦੇਵਾਂ-


**ਪਾਇਆ ਹੋਵੇ ਪੰਜਾਬੀ ਸੂਟ,**<br>
**ਸਿਰ ਚੁੰਨੀ ਬਿਨਾ ਫੱਬੇ ਮੁਟਿਆਰ ਨਾਂ।**<br>
**ਮੁੱਛਾਂ ਕੁੰਡੀਆਂ ਕਰਾਲੇ ਭਾਂਵੇਂ ਲੱਖ,**<br>
**ਮੁੰਡਾ ਪੱਗ ਬਿਨਾਂ ਲੱਗੇ ਸਰਦਾਰ ਨਾਂ।**


ਸੋ ਆਉ! ਸਾਰੇ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਪ੍ਰੰਪਰਾਵਾ ਦਾ ਸਤਿਕਾਰ ਕਰੀਏ। ਦੁਪੱਟੇ ਨੂੰ ਸਿਰ ਦਾ ਤਾਜ ਬਣਾਕੇ ਰੱਖੀਏ। ਕਿਤੇ ਇਹ ਨਾਂ ਹੋ ਜਾਵੇਂ ਕਿ ਅਗਲੇਰੀ ਪੀੜ੍ਹੀ ਲਈ ਦੁਪੱਟਾ ਬੀਤੇ ਦੀਆਂ ਬਾਤਾਂ ਬਣ ਜਾਵੇ। ਆਉ ਰਲ-ਮਿਲ ਮਾਰੋ ਹੰਭਲਾ। ਫਿਰ ਤੋਂ ਦੁਪੱਟੇ ਨੂੰ ਪਹਿਲ ਦਿਉ ਆਪਣੇ ਹੁਸਨ ਦਾ ਸ਼ਿੰਗਾਰ ਬਣਾਉ ਤਾਂ ਕਿ ਸਾਡੇ ਅਣਮੁੱਲੇ ਪੰਜਾਬੀ ਸੱਭਿਆਚਾਰ ਨੂੰ ਬਰਕਰਾਰ ਰੱਖਿਆ ਜਾ ਸਕੇ।


**- ਪਰਮਜੀਤ ਕੌਰ ਸਰਹਿੰਦ**
#209, ਪ੍ਰੀਤ ਨਗਰ, ਬਸੀ ਰੋਡ ਸਰਹਿੰਦ
ਜਿਲ੍ਹਾ ਫਤਹਿਗੜ੍ਹ ਸਾਹਿਬ -140 406 (ਪੰਜਾਬ)
98728-98599




**ਭਵਨਦੀਪ ਸਿੰਘ ਪੁਰਬਾ ਅਤੇ 'ਮਹਿਕ ਵਤਨ ਦੀ' ਵੱਲੋਂ ਪ੍ਰਕਾਸ਼ਿਤ ਉੱਘੇ ਸਾਹਿਤਕਾਰ ਸ. ਗੁਰਮੇਲ ਸਿੰਘ ਬੌਡੇ ਦੀਆਂ ਪੁਸਤਕਾਂ!**







Scanned with CamScanner

# ਪੰਜਾਬ ਦਿਵਸ ਮੌਕੇ ਪੰਜਾਬੀ ਸੂਬਾ ਮੋਰਚੇ 10 ਸਾਲਾ ਅਣਗੌਲੇ ਸ਼ਹੀਦ ਇੰਦਰਜੀਤ ਸਿੰਘ ਦੇ ਪਰਿਵਾਰ ਦਾ ਸਨਮਾਨ ਕੀਤਾ

## ਪੰਜਾਬ ਨੂੰ ਬਚਾਉਣ ਲਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣਾ ਜਰੂਰੀ - ਡਾ. ਸੁਰਜੀਤ ਦੌਧਰ




**ਮੋਗਾ/ 01 ਨਵੰਬਰ 2021/ 'ਮਹਿਕ ਵਤਨ ਦੀ ਲਾਈਵ' ਬਿਓਰੋ**

ਸਮੇਂ ਦੀਆਂ ਸਰਕਾਰਾਂ ਨੇ ਆਪਣੀਆਂ ਰਾਜਨੀਤਕ ਸਾਜਿਸ਼ਾਂ ਨੂੰ ਕਾਮਯਾਬ ਕਰਨ ਲਈ ਹਮੇਸ਼ਾਂ ਪੰਜਾਬ ਦੇ ਹਿੱਤਾਂ ਨੂੰ ਤਿਲਾਂਜਲੀ ਦੇ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਘਾਣ ਕੀਤਾ ਹੈ । ਇਸੇ ਕਾਰਨ ਪੰਜ ਆਬਾਂ ਦਾ ਸੂਬਾ ਪੰਜਾਬ, ਜੋ ਕਾਬਲ, ਕੰਧਾਰ, ਚੰਬਾ ਅਤੇ ਲੇਹ ਲੱਦਾਖ ਤੱਕ ਆਪਣਾ ਵਜੂਦ ਰੱਖਦਾ ਸੀ, ਉਹ ਅੱਜ ਸੁੰਗੜ ਕੇ ਢਾਈ ਆਬਾਂ ਦਾ ਸੂਬਾ ਬਣ ਕੇ ਰਹਿ ਗਿਆ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਸਰਬੱਤ ਦਾ ਭਲਾ ਦਫਤਰ ਮੋਗਾ ਵਿਖੇ ਪੰਜਾਬ ਦਿਵਸ ਮੌਕੇ ਕਰਵਾਏ ਗਏ ਸੈਮੀਨਾਰ ਅਤੇ ਸਨਮਾਨ ਸਮਾਗਮ ਦੌਰਾਨ ਉਘੇ ਵਿਦਵਾਨ ਡਾ. ਸੁਰਜੀਤ ਸਿੰਘ ਦੌਧਰ ਨੇ ਕੀਤਾ ।

ਉਹਨਾਂ ਇਸ ਮੌਕੇ ਕਿਹਾ ਕਿ ਅੱਜ ਸਾਨੂੰ ਸਮਝ ਨਹੀਂ ਆ ਰਹੀ ਕਿ ਪੰਜਾਬ ਦਿਵਸ ਤੇ ਖੁਸ਼ੀ ਮਨਾਈ ਜਾਵੇ ਕਿ ਗਮੀ, ਕਿਉਂਕਿ ਜਿੱਥੇ ਸਾਨੂੰ ਪੰਜਾਬ ਦੇ ਸੁੰਗੜ ਜਾਣ ਦਾ ਗਮ ਹੈ, ਉਥੇ ਅਸੀਂ ਉਹਨਾਂ ਸ਼ਹੀਦਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕਰ ਸਕਦੇ, ਜਿਨਾਂ ਨੇ ਇਸ ਪੰਜਾਬ ਦੀ ਪ੍ਰਾਪਤੀ ਲਈ ਮੋਰਚੇ ਲਗਾਏ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਇਸ ਲਈ ਹਰ ਪੰਜਾਬ ਵਾਸੀ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਅੱਗੇ ਆਉਣਾ ਪਵੇਗਾ। ਇਸ ਮੌਕੇ ਪ੍ਰਿ: ਦਰਸ਼ਨ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਪੰਜਾਬੀ ਮੋਰਚੇ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ (10 ਸਾਲ) ਇੰਦਰਜੀਤ ਸਿੰਘ, ਜੋ ਭੁਪਿੰਦਰਾ ਖਾਲਸਾ ਸਕੂਲ ਮੋਗਾ ਦੇ ਵਿਦਿਆਰਥੀ ਸਨ ਤੇ ਕਰਨਾਲ ਵਿਖੇ ਆਪਣੀ ਭੂਆ ਦੇ ਘਰ ਗਏ ਸਨ, ਦੀ ਲਾਸਾਨੀ ਸ਼ਹਾਦਤ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅਣਗੌਲੇ ਸ਼ਹੀਦ ਨੇ ਪੁਲਿਸ ਦੇ ਅੱਤਿਆਚਾਰ ਅੱਗੇ ਈਨ ਨਾ ਮੰਨਦੇ ਹੋਏ ਪੰਜਾਬੀ ਸੂਬਾ ਜਿੰਦਾਬਾਦ, ਪੰਜਾਬੀ ਬੋਲੀ ਜਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ, ਪੁਲਿਸ ਦੀ ਗੋਲੀ ਨਾਲ 21 ਸਤੰਬਰ 1960 ਨੂੰ ਸ਼ਹੀਦੀ ਪ੍ਰਾਪਤ ਕੀਤੀ। ਉਹਨਾਂ ਦੱਸਿਆ ਕਿ ਸ਼ਹੀਦ ਇੰਦਰਜੀਤ ਸਿੰਘ ਦੀ ਫੋਟੋ ਸਿੱਖ ਅਜਾਇਬ ਘਰ ਅਮ੍ਰਿਤਸਰ ਵਿਖੇ ਲੱਗੀ ਹੋਈ ਹੈ ਤੇ ਅੱਜ ਤੱਕ ਇਸ ਸਧਾਰਨ ਪਰਿਵਾਰ ਅਣਗੌਲਿਆ ਰਿਹਾ ਹੈ। ਉਹਨਾਂ ਸਰਬੱਤ ਦਾ ਭਲਾ ਟਰੱਸਟ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਦਾ ਇਸ ਪਰਿਵਾਰ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਲਈ ਧੰਨਵਾਦ ਵੀ ਕੀਤਾ।

ਇਸ ਮੌਕੇ ਭੁਪਿੰਦਰਾ ਖਾਲਸਾ ਸਕੂਲ ਮੋਗਾ ਦੀ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਇੰਦਰਜੀਤ ਸਿੰਘ ਸ਼ਹੀਦੀ ਮੌਕੇ ਸਾਡੇ ਸਕੂਲ ਵਿੱਚ ਚੌਥੀ ਕਲਾਸ ਦਾ ਵਿਦਿਆਰਥੀ ਸੀ ਪਰ ਅਫਸੋਸ ਹੈ ਕਿ ਅਸੀਂ ਉਸਦੀ ਲਾਸਾਨੀ ਸ਼ਹਾਦਤ ਬਾਰੇ ਲੰਬਾ ਸਮਾਂ ਅਣਜਾਣ ਰਹੇ । ਉਹਨਾਂ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਜਾਣੂ ਕਰਵਾ ਕੇ ਸ਼ਹੀਦ ਇੰਦਰਜੀਤ ਸਿੰਘ ਦੇ ਪਰਿਵਾਰ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ ਅਤੇ ਹਰ ਸਾਲ 1 ਨਵੰਬਰ ਨੂੰ ਉਹਨਾਂ ਦਾ ਸ਼ਹੀਦੀ ਦਿਵਸ ਸਕੂਲ ਵਿੱਚ ਮਨਾਇਆ ਜਾਇਆ ਕਰੇਗਾ।

ਇਸ ਮੌਕੇ ਸਮਾਜ ਸੇਵੀ ਮਹਿੰਦਰ ਪਾਲ ਲੂੰਬਾ ਨੇ ਦੱਸਿਆ ਕਿ ਉਹਨਾਂ ਨੂੰ ਕੁੱਝ ਦਿਨ ਪਹਿਲਾਂ ਹੀ ਡਾ. ਗੁਰਵਿੰਦਰ ਸਿੰਘ ਦੇ ਲੇਖ ਰਾਹੀਂ ਸ਼ਹੀਦ ਇੰਦਰਜੀਤ ਸਿੰਘ ਬਾਰੇ ਪਤਾ ਲੱਗਾ ਤਾਂ ਉਹਨਾਂ ਨੇ ਸ਼ੋਸ਼ਲ ਮੀਡੀਆ ਤੇ ਪੋਸਟ ਪਾ ਕੇ ਇਸ ਪਰਿਵਾਰ ਨੂੰ ਲੱਭਿਆ ਤੇ ਅੱਜ ਪੰਜਾਬ ਦਿਵਸ ਮੌਕੇ ਅਸੀਂ ਇਸ ਪਰਿਵਾਰ ਨੂੰ ਮਾਨ ਸਨਮਾਨ ਦੇ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਇਸ ਅਣਗੌਲੇ ਸ਼ਹੀਦ ਪਰਿਵਾਰ ਦੀ ਸਾਰ ਲਈ ਜਾਵੇ ਅਤੇ ਸ਼ਹੀਦ ਇੰਦਰਜੀਤ ਸਿੰਘ ਦੀ ਮੋਗਾ ਵਿੱਚ ਸਮਾਰਕ ਬਣਾਈ ਜਾਵੇ।

ਇਸ ਮੌਕੇ ਹਾਜਰ ਸਖਸ਼ੀਅਤਾਂ ਵੱਲੋਂ ਸ਼ਹੀਦ ਇੰਦਰਜੀਤ ਸਿੰਘ ਦੇ ਛੋਟੇ ਭਰਾ ਜੋਗਿੰਦਰ ਸਿੰਘ, ਉਹਨਾਂ ਦੇ ਭਤੀਜੇ ਹਰਪ੍ਰੀਤ ਸਿੰਘ ਅਤੇ ਉਪਿੰਦਰ ਸਿੰਘ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਸਮਾਗਮ ਦੌਰਾਨ ਮੁਫਤ ਕੰਪਿਊਟਰ ਅਤੇ ਸਿਲਾਈ ਕੇਂਦਰ ਦੇ ਸਿਖਿਆਰਥੀਆਂ ਵੱਲੋਂ ਆਪਣੇ ਗੀਤਾਂ ਰਾਹੀਂ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਦੇਣ ਅਤੇ ਪੰਜਾਬੀ ਸੱਭਿਆਚਾਰ ਨੂੰ ਬਚਾਉਣ ਦਾ ਸੁਨੇਹਾ ਦਿੱਤਾ। ਸਮਾਗਮ ਦੇ ਅੰਤ ਵਿੱਚ ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਨੇ ਟਰੱਸਟ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਆਏ ਹੋਏ ਸਭ ਸਤਿਕਾਰਯੋਗ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ। ਮੰਚ ਸੰਚਾਲਨ ਜਸਵੰਤ ਸਿੰਘ ਪੁਰਾਣੇਵਾਲਾ ਨੇ ਬੜੇ ਭਾਵੁਕ ਅਤੇ ਸ਼ਾਇਰਾਨਾ ਅੰਦਾਜ ਵਿੱਚ ਬਾਖੂਬੀ ਨਿਭਾਇਆ। ਇਸ ਮੌਕੇ ਉਕਤ ਤੋਂ ਇਲਾਵਾ ਪ੍ਰਿ: ਬਲਦੇਵ ਸਿੰਘ, ਟਰੱਸਟ ਮੈਂਬਰ ਭਵਨਦੀਪ ਸਿੰਘ ਪੁਰਬਾ, ਗੁਰਸੇਵਕ ਸਿੰਘ ਸਨਿਆਸੀ, ਸੁਵਦੇਵ ਸਿੰਘ ਬਰਾੜ, ਮੈਡਮ ਨਰਜੀਤ ਕੌਰ, ਦਫਤਰ ਇਚਾਰਜ ਜਸਵੀਰ ਕੌਰ, ਟੀਚਰ ਜਸਵੰਤ ਸਿੰਘ ਪੁਰਾਣੇਵਾਲਾ, ਸੁਖਵਿੰਦਰ ਕੌਰ, ਸੁਖਦੀਪ ਕੌਰ ਅਤੇ ਅਮਨਦੀਪ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਿਖਿਆਰਥੀ ਹਾਜਰ ਸਨ।






## "ਨਵੰਬਰ ਮਹੀਨਾ ਪੰਜਾਬੀ ਮਾਂ-ਬੋਲੀ ਨੂੰ ਸਮਰਪਿਤ"

ਪੰਜਾਬੀ ਬੋਲੋ ਲਿਖੋ ਤੇ ਪੜ੍ਹੋ ਪੰਜਾਬੀਓ,
ਆਪਣੇ ਹੀ ਹੱਕਾਂ ਲਈ ਲੜੋ ਪੰਜਾਬੀਓ।
ਸਿੱਖੋ ਮਾਂ ਬੋਲੀ ਦੀ ਕਦਰ ਕਰਨੀ,
ਜ਼ਿੰਦਗੀ ਚ ਰੰਗ ਇਹ ਭਰੋ ਪੰਜਾਬੀਓ।

ਕਿਸੇ ਦੇਸ਼ ਦੀ ਬੋਲੀ ਨੂੰ ਕਦੇ ਮਾੜਾ ਕਹੀਏ ਨਾਂ,
ਕਦੇ ਆਪਣੀ ਬੋਲੀ ਦਾ ਅਪਮਾਨ ਸਹੀਏ ਨਾਂ।
ਗੱਲਾਂ ਮਾਤ ਭਾਸ਼ਾ ਵਿੱਚ ਹੀ ਕਰੋ ਪੰਜਾਬੀਓ,
ਪੰਜਾਬੀ ਬੋਲੋ ਲਿਖੋ ਤੇ ਪੜ੍ਹੋ ਪੰਜਾਬੀਓ।

ਕਦੀ ਪਾਸਕ ਵਾਲੀ ਤੱਕੜੀ ਨਾ ਪੂਰਾ ਤੋਲਦੀ,
ਮਾਤ ਭਾਸ਼ਾ ਬੋਲਾਂ ਵਿੱਚ ਰਸ ਘੋਲਦੀ।
ਸਿਰ ਤਲੀ ਉੱਤੇ ਇਸੇ ਲਈ ਧਰੋ ਪੰਜਾਬੀਓ,
ਪੰਜਾਬੀ ਬੋਲੋ ਲਿਖੋ ਤੇ ਪੜ੍ਹੋ ਪੰਜਾਬੀਓ।

ਬੋਲੀਆਂ ਨੇ ਸਾਰੇ ਦੇਸ਼ਾਂ ਦੀਆਂ ਚੰਗੀਆਂ,
ਸੱਭ ਆਪਣੇ ਹੀ ਰੰਗਾਂ ਵਿੱਚ ਰਹਿਣ ਰੰਗੀਆਂ।
ਆਪਣਿਆਂ ਲਈ ਜੀਓ ਤੇ ਮਰੋ ਪੰਜਾਬੀਓ,
ਪੰਜਾਬੀ ਬੋਲੋ ਲਿਖੋ ਤੇ ਪੜ੍ਹੋ ਪੰਜਾਬੀਓ।


ਸਿੱਖੋ ਹਰ ਬੋਲੀ ਸਿੱਖਣੀ ਵੀ ਚਾਹੀਦੀ,
ਪਰ ਮਾਂ ਬੋਲੀ ਕਦੇ ਵੀ ਨਹੀਂ ਭੁਲਾਈਦੀ।
ਮੋਢੇ ਨਾਲ ਮੋਢਾ ਲਾ, ਮਾਂ ਬੋਲੀ ਲਈ ਖੜੋ ਪੰਜਾਬੀਓ,
ਪੰਜਾਬੀ ਬੋਲੋ ਲਿਖੋ ਤੇ ਪੜ੍ਹੋ ਪੰਜਾਬੀਓ।

ਪੰਜਾਬੀ ਹਾਂ ਪੰਜਾਬੀ ਅਸੀਂ ਰਹਿਣਾ ਵੀਰਨੋ.
ਹੈ ਮਾਨ ਨਾਲ ਸਭਨਾਂ ਨੂੰ ਕਹਿਣਾ ਵੀਰਨੋ।
ਦੱਦਾਹੂਰੀਆ ਨਾ ਜਿੱਤ ਕੇ,ਹਰੋ ਪੰਜਾਬੀਓ,
ਪੰਜਾਬੀ ਬੋਲੋ ਲਿਖੋ ਤੇ ਪੜ੍ਹੋ ਪੰਜਾਬੀਓ।

ਮਾਂ ਬੋਲੀ ਬੋਲਣੀ ਹੈ ਘਰੀਂ ਚਾਹੀਦੀ,
ਬੱਚਿਆਂ ਨੂੰ ਸਦਾ ਇਹ ਸਿਖਾਉਣੀ ਚਾਹੀਦੀ।
ਅੰਗਰੇਜ਼ੀ ਸਿਖਾਉਣ ਲਈ ਕਦੇ ਨਾ ਲੜੋ ਪੰਜਾਬੀਓ,
ਪੰਜਾਬੀ ਬੋਲੋ ਲਿਖੋ ਤੇ ਪੜ੍ਹੋ ਪੰਜਾਬੀਓ,

– ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ ਮੋ. 95691-49556

ਮੁੱਖ ਪੰਨਾ ਪੇਪਰ ਬਾਰੇ ਮਹਿਕ ਵਤਨ ਦੀ ਫਾਊਡੇਸ਼ਨ ਸੁਸਾਇਟੀ ਪੱਤਰਕਾਰ ਬਣਨ ਲਈ ਇਸ਼ਤਿਹਾਰ ਦੇ ਰੇਟ ਸਾਡੇ ਪੱਤਰਕਾਰ ਤੇ ਅਸੀਂ ਸਾਡੇ ਬਾਰੇ ਐਵਾਰਡ ਬਾਰੇ ਸੰਪਰਕ
MEHAK WATAN DI LIVE
Sunday, September 26, 2021 2:11:36 PM
ਨਵੀਆਂ ਤੇ ਤਾਜਾਂ ਖਬਰਾਂ ਪੜ੍ਹਨ ਲਈ ਕਲਿੱਕ ਕਰੋ:
www.mehakwatandilive.com
International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ
Estd. 2000
ਰੋਜਾਨਾ ਆਨਲਾਈਨ ਅਖਬਾਰ * ਮਾਸਿਕ ਮੈਗਜੀਨ * ਵੈੱਬ ਟੀ.ਵੀ.
ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * Chief Editor: Bhawandeep Singh Purba



Scanned with CamScanner




# ਨੌਰਵੇ ਵਿੱਚ ਸਾਈਕਲ ਦੀ ਸ਼ਾਨ






ਨੌਰਵੇ ਦੁਨੀਆਂ ਦਾ ਇੱਕ ਖ਼ੂਬਸੂਰਤ ਤੇ ਠੰਢਾ ਮੁਲਕ ਹੈ। ਇਸ ਨੂੰ ਅੱਧੀ ਰਾਤ ਦੇ ਸੂਰਜ ਵਾਲਾ ਦੇਸ਼ ਵੀ ਕਿਹਾ ਜਾਂਦਾ ਹੈ। ਇਸ ਦਾ ਖੇਤਰਫਲ 3,85,185 ਵਰਗ ਕਿਲੋਮੀਟਰ ਹੈ ਤੇ ਇਹ ਦੁਨੀਆਂ ਭਰ ਵਿੱਚ 67ਵੇਂ ਨੰਬਰ 'ਤੇ ਹੈ। ਅੱਜ ਕੱਲ• ਇੱਥੋਂ ਦੀ ਆਬਾਦੀ ਤਕਰੀਬਨ 50,38,842 ਹੈ ਜਿਸ ਵਿੱਚ 10,830 ਦੇ ਕਰੀਬ ਭਾਰਤੀ ਮੂਲ ਦੇ ਲੋਕ ਹਨ। ਇਹ ਦੁਨੀਆਂ ਦੇ ਅਮੀਰ ਦੇਸ਼ਾਂ 'ਚੋਂ ਇੱਕ ਹੈ। ਇਸ ਅਮੀਰ ਦੇਸ਼ ਦੇ ਅਮੀਰ ਲੋਕਾਂ ਦੀ ਇੱਕ ਗੱਲ ਬਹੁਤ ਹੀ ਚੰਗੀ ਹੈ ਕਿ ਇਹ ਵਧੀਆ ਕਾਰਾਂ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਸਾਈਕਲ ਵੀ ਰੱਖਦੇ ਹਨ। ਕੰਮਾਂ-ਕਾਰਾਂ 'ਤੇ ਵੀ ਸਾਈਕਲ ਉੱਤੇ ਜਾਂਦੇ ਹਨ।

ਦੇਖਣ ਵਿੱਚ ਆਉਂਦਾ ਹੈ ਕਿ ਕਈ ਥਾਵਾਂ 'ਤੇ ਸੜਕ ਦੇ ਨੇੜੇ ਸਾਈਕਲ ਸਟੈਂਡ ਹਨ। ਸ਼ਹਿਰ ਦੇ ਅੰਦਰ ਬਣੇ ਇਨ੍ਹਾਂ ਸਾਈਕਲ ਸਟੈਂਡ ਵਾਲੇ ਸਾਈਕਲਾਂ ਨੂੰ 'ਸਿਟੀ ਸਾਈਕਲ' ਕਿਹਾ ਜਾਂਦਾ ਹੈ। ਸਿਟੀ ਸਾਈਕਲ, ਯੂਰਪ ਵਿੱਚ ਸਭ ਤੋਂ ਪਹਿਲਾਂ ਡੈਨਮਾਰਕ ਦੀ ਰਾਜਧਾਨੀ ਕੋਪਨਹੈਗਨ ਵਿੱਚ ਸ਼ੁਰੂ ਹੋਇਆ। ਨੌਰਵੇ ਦੇ ਪੰਜ ਵੱਡੇ ਸ਼ਹਿਰਾਂ 'ਚ ਸਿਟੀ ਸਾਈਕਲ ਦੀ ਸਹੂਲਤ ਹੈ। ਇਨ੍ਹਾਂ ਵਿੰਚ ਨੌਰਵੇ ਦੀ ਰਾਜਧਾਨੀ ਓਸਲੋ, ਸੰਦਨਿਸ, ਥਰੋਂਦਹਾਈਮ, ਬੌਨਸਬਰਗ ਤੇ ਦਰਮਨ ਦੇ ਨਾਂ ਸ਼ਾਮਲ ਹਨ। ਇਹ ਸਾਈਕਲ ਲੋਕਾਂ ਨੇ ਨਹੀਂ ਸਗੋਂ ਲੋਕਾਂ ਲਈ ਇਨ੍ਹਾਂ ਸਟੈਂਡਾਂ 'ਤੇ ਖੜ੍ਹਾਏ ਜਾਂਦੇ ਹਨ। ਇਹ ਸਾਈਕਲ ਸਟੈਂਡ ਬਹੁਤੀ ਵਸੋਂ ਵਾਲੀਆਂ ਥਾਵਾਂ 'ਤੇ ਲੋਕਾਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਬਣਾਏ ਜਾਂਦੇ ਹਨ। ਇਹ ਸਾਈਕਲ ਸਟੈਂਡ ਪ੍ਰਾਈਵੇਟ ਕੰਪਨੀਆਂ ਦੇ ਹੁੰਦੇ ਹਨ। ਸਾਈਕਲਾਂ ਦੇ ਮਡਗਾਰਡਾਂ 'ਤੇ ਵੱਖ-ਵੱਖ ਇਸ਼ਤਿਹਾਰਾਂ (ਐਡਵਰਟਾਈਜ਼ਮੈਂਟ) ਵਾਲੇ ਸਟਿੱਕਰ ਲਗਾਏ ਹੁੰਦੇ ਹਨ। ਇਨ੍ਹਾਂ ਇਸ਼ਤਿਹਾਰਾਂ ਤੋਂ ਕਮਾਏ ਪੈਸਿਆਂ ਨਾਲ ਇਹ ਲੋਕ ਆਪਣਾ ਇਹ ਸਿਟੀ ਸਾਈਕਲ ਦਾ ਕਾਰੋਬਾਰ ਚਲਾਉਂਦੇ ਹਨ।

ਕਿਸੇ ਸਟੈਂਡ ਤੋਂ ਸਿਟੀ ਸਾਈਕਲ ਲੈਣ ਲਈ ਇੱਕ ਕਾਰਡ ਬਣਵਾਉਣਾ ਭਾਵ ਰਜਿਸਟਰਡ ਕਰਵਾਉਣਾ ਪੈਂਦਾ ਹੈ। ਇਹ ਕਾਰਡ 18 ਸਾਲਾਂ ਦੀ ਉਮਰ ਤੋਂ ਘੱਟ ਵਾਲੇ ਦਾ ਨਹੀਂ ਬਣਦਾ। ਸਿਟੀ ਸਾਈਕਲ ਲੈਣ ਲਈ ਇੱਕ 'ਸੀਜ਼ਨ' ਦੇ 90 ਕਰੋਨੇ ਯਾਨੀ ਕਿ ਭਾਰਤੀ 800 ਰੁਪਏ ਦੇ ਕਰੀਬ ਰਕਮ ਜਮ੍ਹਾਂ ਕਰਾਉਣੀ ਪੈਂਦੀ ਹੈ। ਇਸ ਕਾਰਡ ਨਾਲ ਉਥੇ ਲੱਗੀ ਮਸ਼ੀਨ ਦੇ ਸਕਰੀਨ 'ਤੇ ਸਾਈਕਲ ਦਾ ਨੰਬਰ ਆ ਜਾਂਦਾ ਹੈ ਤੇ ਲੋੜਵੰਦ ਵਿਅਕਤੀ ਉਹ ਸਾਈਕਲ ਲੈ ਲੈਂਦਾ ਹੈ। ਜੇ ਸਟੈਂਡ 'ਤੇ ਕੋਈ ਸਾਈਕਲ ਨਾ ਹੋਵੇ ਤਾਂ ਇਹੋ ਮਸ਼ੀਨ ਦੱਸਦੀ ਹੈ ਕਿ ਕਿਸ ਨੇੜਲੇ ਸਟੈਂਡ 'ਤੇ ਤੁਹਾਨੂੰ ਸਾਈਕਲ ਮਿਲੇਗਾ। ਇਸੇ ਕਾਰਡ ਨਾਲ ਸਾਈਕਲ ਦਾ ਲੌਕ ਖੁੱਲ੍ਹਦਾ ਹੈ। ਇਹ ਸਿਟੀ ਸਾਈਕਲ ਇੱਕ ਵਾਰ ਲੈ ਕੇ ਤਿੰਨ ਘੰਟੇ ਲਈ ਵਰਤਣ ਦੀ ਆਗਿਆ ਹੁੰਦੀ ਹੈ ਤੇ ਤਿੰਨ ਘੰਟੇ ਬਾਅਦ ਕਿਸੇ ਵੀ ਸਟੈਂਡ 'ਤੇ ਛੱਡ ਕੇ ਉੱਥੋਂ ਹੋਰ ਸਾਈਕਲ ਲਿਆ ਜਾ ਸਕਦਾ ਹੈ। ਜੇ ਸਾਈਕਲ ਟੁੱਟ-ਭੱਜ ਜਾਵੇ ਤਾਂ ਉਸ ਨੂੰ ਸਟੈਂਡ 'ਤੇ ਰੱਖ ਦਿੱਤਾ ਜਾਂਦਾ ਹੈ। ਇਸ ਟੁੱਟ-ਭੱਜ ਦਾ ਕੋਈ ਹਰਜਾਨਾ-ਜ਼ੁਰਮਾਨਾ ਸਬੰਧਿਤ ਵਿਅਕਤੀ ਨੂੰ ਨਹੀਂ ਭਰਨਾ ਪੈਂਦਾ ਪਰ ਜੇ ਕੋਈ ਸਾਈਕਲ ਗੁੰਮ ਹੋ ਜਾਵੇ ਤਾਂ ਸਾਈਕਲ ਦੀ ਕੀਮਤ ਕੰਪਨੀ ਵਾਲੇ ਵਸੂਲ ਕਰਦੇ ਹਨ ਜੋ ਅੰਦਾਜ਼ਨ 3500 ਕਰੋਨੇ ਭਾਵ ਭਾਰਤੀ 30,000 ਰੁਪਏ ਦੇ ਕਰੀਬ ਹੁੰਦੀ ਹੈ।

ਵਰਣਨਯੋਗ ਹੈ ਕਿ ਇੱਥੇ ਸਾਈਕਲ ਦੀ ਕੀਮਤ ਦਸ ਹਜ਼ਾਰ ਰੁਪਏ ਤੋਂ ਲੈ ਕੇ 4-5 ਲੱਖ ਰੁਪਏ ਤਕ ਹੈ। ਸਾਈਕਲ ਦਾ ਬੀਮਾ ਵੀ ਕਰਵਾਇਆ ਜਾਂਦਾ ਹੈ। ਇਨ੍ਹਾਂ ਸਾਈਕਲਾਂ ਨੂੰ ਲੱਗੀਆਂ ਲਾਈਟਾਂ ਬੈਟਰੀ ਨਾਲ ਚੱਲਦੀਆਂ ਹਨ। ਬਿਨਾਂ ਲਾਈਟ ਤੋਂ ਹਨ੍ਹੇਰੇ ਵਿੱਚ ਸਾਈਕਲ ਚਲਾਉਣ ਵਾਲੇ ਨੂੰ ਜ਼ੁਰਮਾਨਾ ਕੀਤਾ ਜਾਂਦਾ ਹੈ। ਸ਼ਹਿਰ ਵਿੱਚ ਫੁੱਟਪਾਥ ਵਰਗੀ ਹੀ ਵੱਖਰੀ ਸੜਕ ਹੁੰਦੀ ਹੈ ਜਿਸ 'ਤੇ ਬਾਕਾਇਦਾ ਸਾਈਨ ਬੋਰਡ 'ਤੇ ਸਾਈਕਲ ਬਣਿਆ ਹੁੰਦਾ ਹੈ। ਇੱਥੇ ਸਾਈਕਲ ਨੂੰ ਕਾਰਾਂ ਵਾਂਗ ਹੀ ਅਹਿਮੀਅਤ ਦਿੱਤੀ ਜਾਂਦੀ ਹੈ। ਇਹ ਸਾਈਕਲ ਗੇਅਰਾਂ ਵਾਲੇ ਹੁੰਦੇ ਹਨ। ਇਹ ਬੜੀ ਤੇਜ਼ ਰਫ਼ਤਾਰ ਨਾਲ ਚੱਲਦੇ ਹਨ। ਸਿਰਫ਼ ਹਾਈਵੇ 'ਤੇ ਸਾਈਕਲ ਚਲਾਉਣਾ ਮਨ੍ਹਾ ਹੈ ਕਿਉਂਕਿ ਉੱਥੇ ਵਾਹਨ ਬਹੁਤ ਤੇਜ਼ ਗਤੀ 'ਚ ਚੱਲਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਟਰੈਫਿਕ ਨਿਯਮਾਂ ਦੀ ਪਾਲਣਾ ਬਹੁਤ ਸੰਜੀਦਗੀ ਨਾਲ ਕੀਤੀ ਜਾਂਦੀ ਹੈ ਤੇ ਪਾਲਣਾ ਨਾ ਕਰਨ ਵਾਲੇ ਨੂੰ ਭਾਰੀ ਜ਼ੁਰਮਾਨਾ ਕੀਤਾ ਜਾਂਦਾ ਹੈ। ਇਹੋ ਕਾਰਨ ਹੈ ਕਿ ਇੱਥੇ ਬਹੁਤ ਘੱਟ ਸੜਕ ਹਾਦਸੇ ਹੁੰਦੇ ਹਨ।

ਮਈ ਤੋਂ ਸਤੰਬਰ ਤਕ ਇੱਥੇ ਸਾਈਕਲ ਦੀ ਵਰਤੋਂ ਬਹੁਤ ਕੀਤੀ ਜਾਂਦੀ ਹੈ। ਸਰਦੀ ਦੇ ਬਰਫ਼ਬਾਰੀ ਤੋਂ ਪਹਿਲਾਂ-ਪਹਿਲਾਂ ਕੰਪਨੀ ਵਾਲੇ ਆਪਣੇ ਸਿਟੀ ਸਾਈਕਲ ਚੁੱਕ ਕੇ ਲੈ ਜਾਂਦੇ ਹਨ। ਆਮ ਦੇਖਣ ਵਿੱਚ ਆਉਂਦਾ ਹੈ ਕਿ ਮਰਦ-ਔਰਤਾਂ ਸਾਈਕਲ 'ਤੇ ਆਉਂਦੇ-ਜਾਂਦੇ ਹਨ। ਦੂਜੇ ਪਾਸੇ ਸਾਡੇ ਦੇਸ਼ ਵਿੱਚ ਸਾਈਕਲ ਵਾਲੇ ਨੂੰ ਗ਼ਰੀਬ ਤੇ ਪੱਛੜਿਆ ਹੋਇਆ ਸਮਝਿਆ ਜਾਂਦਾ ਹੈ।

- ਪਰਮਜੀਤ ਕੌਰ ਸਰਹਿੰਦ
#209, ਪ੍ਰੀਤ ਨਗਰ, ਬਸੀ ਰੋਡ ਸਰਹਿੰਦ
ਜਿਲ੍ਹਾ ਫਤਹਿਗੜ੍ਹ ਸਾਹਿਬ -140 406 (ਪੰਜਾਬ)
98728-98599



ਨੌਰਵੇ ਵਿੱਚ ਆਮ ਕਰਮਚਾਰੀ ਤੋਂ ਲੈ ਕੇ ਵੱਡੇ-ਵੱਡੇ ਅਫ਼ਸਰ ਵੀ ਸਾਈਕਲਾਂ 'ਤੇ ਆਉਂਦੇ-ਜਾਂਦੇ ਹਨ। ਇਹ ਇੱਕ ਹੈਰਾਨੀ ਭਰਿਆ ਸੱਚ ਹੈ ਕਿ ਬੀਤੇ ਸਾਲ 22 ਜੁਲਾਈ ਨੂੰ ਨੌਰਵੇ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਪਹਿਲਾਂ ਇੱਥੋਂ ਦਾ ਪ੍ਰਧਾਨ ਮੰਤਰੀ ਜੈਨਸ ਸਤੋਲਤਨਬਰਗ ਵੀ ਸਾਈਕਲ ਉੱਤੇ ਪਾਰਲੀਮੈਂਟ ਆਉਂਦਾ-ਜਾਂਦਾ ਸੀ। ਕਰਮਚਾਰੀ ਜਾਂ ਉੱਚ ਅਧਿਕਾਰੀ ਵੀ ਪੂਰੀ ਸ਼ਾਨ ਨਾਲ ਆਪਣੇ ਸਾਈਕਲ 'ਤੇ ਦਫ਼ਤਰਾਂ ਨੂੰ ਜਾਂਦੇ ਹਨ। ਭਾਰਤ ਜਾਂ ਪੰਜਾਬ ਵਾਂਗ ਸਾਈਕਲ ਵਾਲੇ ਨੂੰ ਨੀਵਾਂ ਨਹੀਂ ਸਮਝਿਆ ਜਾਂਦਾ। ਨਾ ਹੀ ਨੌਰਵੀਅਨ ਲੋਕ ਸਾਈਕਲ 'ਤੇ ਆਉਣ-ਜਾਣ ਵਿੱਚ ਕੋਈ ਹੇਠੀ ਸਮਝਦੇ ਹਨ। ਬੇਸ਼ੱਕ ਇਨ੍ਹਾਂ ਲੋਕਾਂ ਨੇ ਲੋੜ ਲਈ ਵਧੀਆ ਮਹਿੰਗੀਆਂ ਕਾਰਾਂ ਰੱਖੀਆਂ ਹੋਈਆਂ ਹਨ, ਫਿਰ ਵੀ ਇਹ ਸਾਈਕਲਾਂ 'ਤੇ ਘੁੰਮਦੇ ਹਨ। ਇੱਥੇ ਸਰਕਾਰ ਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਸਾਈਕਲ ਮੁਹਿੰਮ ਵੀ ਚਲਾਈ ਜਾਂਦੀ ਹੈ ਤੇ ਲੋਕਾਂ ਨੂੰ ਸਾਈਕਲ ਚਲਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਹ ਲੋਕ ਆਪਣੀ ਸਿਹਤ ਪ੍ਰਤੀ ਬਹੁਤ ਜਾਗਰੂਕ ਹਨ। 80-90 ਸਾਲਾਂ ਦੇ ਮਰਦ-ਔਰਤਾਂ ਸੜਕਾਂ ਜਾਂ ਸ਼ਾਪਿੰਗ ਸੈਂਟਰਾਂ ਵਿੱਚ ਚੁਸਤ-ਦਰੁਸਤ ਤੁਰੇ ਫਿਰਦੇ ਹਨ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਸਾਈਕਲ ਚਲਾਉਣ ਨਾਲ ਸਾਡੀ ਸਰੀਰਕ ਕਸਰਤ ਤਾਂ ਹੁੰਦੀ ਹੀ ਹੈ, ਨਾਲ-ਨਾਲ ਵਾਹਨਾਂ ਦੇ ਧੂੰਏਂ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਵੀ ਘਟਦਾ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਖ਼ੁਦ ਸਾਈਕਲ ਦੀ ਸਵਾਰੀ ਕਰਦਾ ਹੈ, ਉੱਥੇ ਦੀ ਪਰਜਾ ਲਈ ਸਾਈਕਲ ਚਲਾਉਣਾ ਆਮ ਗੱਲ ਹੈ ਜਦੋਂਕਿ ਸਾਡੇ ਮੁਲਕ ਵਿੱਚ ਤਾਂ ਲੀਡਰ ਜਾਂ ਮੰਤਰੀ-ਸੰਤਰੀ ਸਿਰਫ਼ ਚੋਣਾਂ ਦੇ ਦਿਨਾਂ ਵਿੱਚ ਹੀ ਪੈਦਲ ਮਾਰਚ ਜਾਂ ਸਾਈਕਲਾਂ ਨੂੰ ਝੰਡੀਆਂ ਬੰਨ ਕੇ ਤੁਰੇ-ਫਿਰਦੇ ਹਨ ਜਾਂ ਫਿਰ ਪੈਟਰੋਲ ਜਾਂ ਡੀਜ਼ਲ ਦੀਆਂ ਵਧੀਆਂ ਕੀਮਤਾਂ ਖ਼ਿਲਾਫ਼ ਰੋਸ ਮੁਜ਼ਾਹਰੇ ਕਰਦੇ ਸਾਈਕਲਾਂ ਜਾਂ ਰਿਕਸ਼ਿਆਂ 'ਤੇ ਚੜ੍ਹੇ ਫਿਰਦੇ ਹਨ। ਤੇਲ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਸੜਕਾਂ 'ਤੇ ਦੋਪਹੀਆ-ਚੌਪਹੀਆ ਵਾਹਨਾਂ ਦੀ ਉਹੋ ਹੀ ਭੀੜ ਹੈ। ਇਨ੍ਹਾਂ ਸਾਈਕਲਾਂ 'ਤੇ ਫਿਰਦੇ ਨੌਰਵੇ ਦੇ ਲੋਕਾਂ ਨੂੰ ਦੇਖ ਕੇ ਜਾਪਦਾ ਹੈ ਕਿ ਇਹ ਲੋਕ ਪੈਸੇ ਨਾਲ ਹੀ ਨਹੀਂ ਸੋਚ ਪੱਖੋਂ ਵੀ ਅਮੀਰ ਹਨ। ਕਾਸ਼! ਅਸੀਂ ਲੋਕ ਵੀ ਅਜਿਹੀ ਅਮੀਰ ਸੋਚ ਅਪਣਾ ਸਕੀਏ।






Scanned with CamScanner



# ਦਾਤਾ ਬੰਦੀ ਛੋੜ ਦਿਵਸ ਤੇ ਵਿਸ਼ੇਸ ਸਪਲੀਮੈਂਟ

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988






## ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!

ਮੁੱਖ ਸੇਵਾਦਾਰ: (ਬਾਬਾ ਸੁਰਿੰਦਰ ਸਿੰਘ) ਬਾਬਾ ਫੋਜਾ ਸਿੰਘ ਜੀ

ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ)

ਗੁਰਦੁਆਰਾ ਅਕਾਲ ਬੁੰਗਾ ਸਾਹਿਬ ਕੋਟ ਦੁੱਨਾ (ਸੰਗਰੂਰ)



**ਸਮੂੰਹ ਸੰਗਤਾਂ ਨੂੰ 'ਬੰਦੀ ਛੋੜ ਦਿਵਸ' ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!**

## ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

### ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਲਾਨਾ ਬਰਸੀ

ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 17 ਮੱਘਰ (2 ਦਸੰਬਰ) 2021 ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ।

ਸੰਤ ਬਾਬਾ ਹਾਕਮ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਦੀਵਾਲੀ ਵਾਲੇ ਦਿਨ ਸਵੇਰੇ 10 ਵਜੇ ਪੈਣਗੇ।

**ਸਮੂੰਹ ਸਾਧ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।**

ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ



Scanned with CamScanner



ਦੇਸ਼ ਵਿਦੇਸ਼ਾ ਵਿੱਚ ਵਸਦੇ ਸਮੂੰਹ ਪਾਠਕਾਂ ਨੂੰ

# 'ਬੰਦੀ ਛੋੜ ਦਿਵਸ'

## ਦੀਵਾਲੀ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

**Web TV * Monthly Magazine * Daily Online Newspaper**

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

**...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਝੀਆਂ ਕਰੋ।**

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।



Chief Editor:
Bhawandeep Singh Purba

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ
Web TV

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

**Help Line: 9988 92 9988**

www.mehakwatandilive.com

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner